Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 69 18/07/2025 www.samajweekly.com samajweekly @samajweekly samajweekly

'ਕਤਲ ਲਈ ਕੋਈ ਮਾਫ਼ੀ ਨਹੀਂ': ਯਮਨ 'ਚ ਭਾਰਤੀ ਨਰਸ ਨਿਮਿਸ਼ਾ ਦੀ ਫਾਂਸੀ ਮੁਲਤਵੀ ਪਰ ਮ੍ਰਿਤਕ ਦੇ ਭਰਾ ਦਾ ਬਿਆਨ

# ਕੋਈ ਕਿੰਨਾ ਵੀ ਦਬਾਅ ਪਾਵੇ ਜਾਂ ਬੇਨਤੀ ਕਰੇ ਅਸੀਂ ਮਾਫ਼ ਨਹੀਂ ਕਰਾਂਗੇ: ਤਲਾਲ ਅਬਦੇਲ ਮੇਹਦੀ




**ਨਵੀਂ ਦਿਲੀ।** ਕੇਰਲ ਦੀ ਨਰਸ ਨਿਮਿਸ਼ਾ ਪ੍ਰਿਆ, ਜੋ ਕਿ ਇੱਕ ਯਮਨੀ ਦੇ ਕਤਲ ਲਈ ਜੇਲ੍ਹ ਵਿੱਚ ਮੌਤ ਦੀ ਸਜ਼ਾ ਦਾ ਸਾਹ-ਮਣਾ ਕਰ ਰਹੀ ਹੈ, ਦਾ ਭਵਿੱਖ ਅਜੇ ਵੀ ਅਨਿਸ਼ਚਿਤ ਹੈ। ਇੱਕ ਪਾਸੇ, ਨਿਮਿਸ਼ਾ ਲਈ ਰਾਹਤ ਦੀ ਖ਼ਬਰ ਹੈ ਕਿ 16 ਜੁਲਾਈ ਨੂੰ ਹੋਣ ਵਾਲੀ ਫਾਂਸੀ ਨੂੰ ਅਗਲੀ ਤਰੀਕ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਦੂਜੇ ਪਾਸੇ,ਤਲਾਲ ਅਬਦੇਲ ਮੇਹਦੀ ਦੇ ਭਰਾ ਅਬਦੇਲਫਤਾਹ ਮੇਹਦੀ, ਜਿਸਦੀ ਕਥਿਤ ਤੌਰ 'ਤੇ 2017 ਵਿੱਚ ਨਿਮਿਸ਼ਾ ਪ੍ਰਿਆ ਦੁਆਰਾ ਹੱਤਿਆ ਕੀਤੀ ਗਈ ਸੀ, ਨੇ ਕਿਹਾ ਹੈ ਕਿ ਇਸ ਅਪਰਾਧ ਲਈ ਕੋਈ ਮੁਆਫ਼ੀ ਨਹੀਂ ਹੋ ਸਕਦੀ। ਅਬਦੇਲਫਤਾਹ ਮੇਹਦੀ ਨੇ ਕਿਹਾ, ਨਿਆਂ ਹੋਵੇਗਾ, ਭਾਵੇਂ ਸਜ਼ਾ ਵਿੱਚ ਦੇਰੀ ਹੋਵੇ, ਅਸੀਂ ਬਦਲਾ ਲਵਾਂਗੇ। ਕੋਈ ਕਿੰਨਾ ਵੀ ਦਬਾਅ ਪਾਵੇ ਜਾਂ ਬੇਨਤੀ ਕਰੇ, ਅਸੀਂ ਮਾਫ਼ ਨਹੀਂ ਕਰਾਂਗੇ ਅਤੇ ਬਲੱਡ ਮਨੀ ਨਹੀਂ ਲਵਾਂਗੇ। ਨਿਮਿਸ਼ਾ ਨੂੰ 16 ਜੁਲਾਈ ਨੂੰ ਫਾਂਸੀ ਦਿੱਤੀ ਜਾਣੀ ਸੀ, ਪਰ ਇਸਨੂੰ ਹੁਣ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਮ੍ਰਿਤਕ ਦੇ ਭਰਾ ਨੇ ਭਾਰਤੀ ਮੀਡੀਆ 'ਤੇ "ਮੁਲਜ਼ਮ ਨੂੰ ਪੀੜਤ ਵਜੋਂ ਦਿਖਾਉਣ ਲਈ ਚੀਜ਼ਾਂ ਨੂੰ ਵਿਗਾੜਨ" ਦਾ ਦੋਸ਼ ਲਗਾਇਆ ਹੈ ਅਤੇ ਇਸ ਤਰੀਕੇ 'ਤੇ ਪਰਿਵਾਰ ਦੀ ਡੂੰਘੀ ਨਾਰਾਜ਼ਗੀ ਵੀ ਪ੍ਰਗਟ ਕੀਤੀ ਹੈ।

# ਲਹਿੰਦੇ ਪੰਜਾਬ 'ਚ ਮੀਂਹ ਕਾਰਨ 24 ਲੋਕਾਂ ਦੀ ਮੌਤ



**ਪਾਕਿਸਤਾਨ।** ਪਾਕਿਸਤਾਨ ਦੇ ਪੰਜਾਬ ਸੂਬੇ 'ਚ ਪਿਛਲੇ 24 ਘੰਟਿਆਂ ਅੰਦਰ ਮੀਂਹ ਨਾਲ ਜੁੜੀਆਂ ਘਟਨਾਵਾਂ 'ਚ ਘੱਟੋ-ਘੱਟ 24 ਲੋਕਾਂ ਦੀ ਮੌਤ ਹੋ ਗਈ ਅਤੇ 150 ਤੋਂ ਵੱਧ ਲੋਕ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦਸਿਆ ਕਿ ਲਾਹੌਰ ਅਤੇ ਪੰਜਾਬ ਦੇ ਕਈ ਹੋਰ ਜ਼ਿਲ੍ਹਿਆਂ 'ਚ ਰਾਤ ਭਰ ਰੁਕ-ਰੁਕ ਕੇ ਮੀਂਹ ਪੈਂਦਾ ਰਿਹਾ ਅਤੇ ਮੌਜੂਦਾ ਦੌਰ ਵੀਰਵਾਰ ਤਕ ਜਾਰੀ ਰਹਿਣ ਦੀ ਉਮੀਦ ਹੈ। ਲਾਹੌਰ 'ਚ ਰਾਤ ਦੇ ਸਮੇਂ ਤੂਫਾਨ ਕਾਰਨ ਛੱਤ ਡਿੱਗਣ ਦੀਆਂ ਤਿੰਨ ਘਟਨਾਵਾਂ 'ਚ 12 ਲੋਕਾਂ ਦੀ ਮੌਤ ਹੋ ਗਈ। ਇਕ ਬੁਲਾਰੇ ਨੇ ਦਸਿਆ ਕਿ ਸ਼ਹਿਰ ਦੇ ਥੋਕਰ ਨਿਆਜ਼ ਬੇਗ ਇਲਾਕੇ ਵਿਚ ਇਕੋ ਪਰਵਾਰ ਦੇ ਪੰਜ ਮੈਂਬਰ ਸ਼ਾਮਲ ਸਨ, ਜਿਨ੍ਹਾਂ ਵਿਚ ਛੋਟੀਆਂ ਕੁੜੀਆਂ ਵੀ ਸ਼ਾਮਲ ਸਨ। ਫੈਸਲਾਬਾਦ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ, ਜਦਕਿ ਪਾਕਪਟਨ 'ਚ ਇਕ ਔਰਤ ਅਤੇ ਦੋ ਬੱਚਿਆਂ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ। ਛੱਤ ਡਿੱਗਣ ਕਾਰਨ ਸ਼ੇਖ਼ੂਪੁਰਾ, ਭਾਕਰ, ਬਹਾਵਲਨਗਰ ਅਤੇ ਸ਼ਾਹਕੋਟ ਵਿਚ ਇਕ-ਇਕ ਮੌਤ ਹੋਈ ਜਦਕਿ ਓਕਾਰਾ ਵਿਚ ਦੋ ਨੌਜੁਆਨਾਂ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਕੌਮੀ ਆਫ਼ਤ ਪ੍ਰਬੰਧਨ ਅਥਾਰਟੀ (ਐਨਡੀਐਮਏ) ਨੇ ਕਿਹਾ ਸੀ ਕਿ 26 ਜੂਨ ਤੋਂ ਲੈ ਕੇ ਹੁਣ ਤਕ ਅਜਿਹੀਆਂ ਘਟਨਾਵਾਂ 'ਚ ਕੁਲ 116 ਲੋਕਾਂ ਦੀ ਮੌਤ ਹੋ ਚੁਕੀ ਹੈ। ਐਨ.ਡੀ.ਐਮ.ਏ. ਮੁਤਾਬਕ 116 ਮੌਤਾਂ ਵਿਚੋਂ 44 ਮੌਤਾਂ ਪੰਜਾਬ ਵਿਚ, 37 ਖੈਬਰ ਪਖਤੂਨਖਵਾ ਵਿਚ, 18 ਸਿੰਧ ਵਿਚ, 16 ਬਲੋਚਿਸਤਾਨ ਵਿਚ ਅਤੇ ਇਕ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿਚ ਹੋਈਆਂ ਹਨ। ਇਸ ਦੌਰਾਨ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਮੀਂਹ ਨਾਲ ਸਬੰਧਤ ਘਟਨਾਵਾਂ ਵਿਚ ਹੋਏ ਜਾਨੀ ਨੁਕਸਾਨ ਉਤੇ ਦੁੱਖ ਜ਼ਾਹਰ ਕੀਤਾ ਅਤੇ ਅਧਿਕਾਰੀਆਂ ਨੂੰ ਉਚਿਤ ਬਚਾਅ ਕਾਰਜਾਂ ਵਿਚ ਸਹਾਇਤਾ ਕਰਨ ਦੇ ਹੁਕਮ ਦਿਤੇ।

# ਹਰਿਮੰਦਰ ਸਾਹਿਬ 'ਚ ਬੰਬ ਦੀ ਧਮਕੀ: ਪੁਲੀਸ ਵੱਲੋਂ ਮੁਲਜ਼ਮ ਦੀ ਸ਼ਨਾਖ਼ਤ

## ਅੱਜ ਕੀਤਾ ਜਾ ਸਕਦੈ ਖ਼ੁਲਾਸਾ; ਮੁੱਖ ਮੰਤਰੀ ਨੇ ਸੁਰੱਖਿਆ ਹਾਲਾਤ ਦਾ ਲਿਆ ਜਾਇਜ਼ਾ



**ਅੰਮ੍ਰਿਤਸਰ।** ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਦਰਬਾਰ ਸਾਹਿਬ ਲਈ ਉਪਰੋਥਲੀ ਆਈਆਂ ਧਮਕੀ ਭਰੀਆਂ ਈ-ਮੇਲਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਅੱਜ ਇੱਥੇ ਆਪਣੀ ਰਿਹਾਇਸ਼ 'ਤੇ ਪੰਜਾਬ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਸੂਤਰਾਂ ਮੁਤਾਬਕ ਅੰਮ੍ਰਿਤਸਰ ਪੁਲੀਸ ਨੇ ਧਮਕੀ ਭਰੇ ਈਮੇਲ ਭੇਜਣ ਵਾਲੇ ਮੁਲਜ਼ਮ ਦੀ ਸ਼ਨਾਖ਼ਤ ਕਰ ਲਈ ਹੈ ਅਤੇ ਉਸ ਨੂੰ ਕਾਬੂ ਕੀਤੇ ਜਾਣ ਦੀ ਸੂਚਨਾ ਵੀ ਮਿਲੀ ਹੈ। ਬੇਸ਼ੱਕ ਅਧਿਕਾਰਤ ਤੌਰ 'ਤੇ ਇਸ ਦੀ ਕੋਈ ਪੁਸ਼ਟੀ ਨਹੀਂ ਕਰ ਰਿਹਾ ਹੈ ਪ੍ਰੰਤੂ ਭਰੋਸੇਯੋਗ ਸੂਤਰ ਦੱਸਦੇ ਹਨ ਕਿ ਅੰਮ੍ਰਿਤਸਰ ਪੁਲੀਸ ਨੇ ਸੰਜੀਵ ਕੁਮਾਰ ਦੂਬੇ ਨਾਮ ਦੇ ਵਿਅਕਤੀ ਨੂੰ ਕਾਬੂ ਕੀਤਾ ਹੈ। ਅੰਮ੍ਰਿਤਸਰ ਪੁਲੀਸ ਭਲਕੇ ਸ਼ੁੱਕਰਵਾਰ ਨੂੰ ਇਸ ਦਾ ਖ਼ੁਲਾਸਾ ਵੀ ਕਰ ਸਕਦੀ ਹੈ। ਅੰਮ੍ਰਿਤਸਰ ਦੇ ਐੱਸਪੀ ਸਿਮਰਨਜੀਤ ਸਿੰਘ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ। ਸੂਤਰਾਂ ਮੁਤਾਬਕ ਸ੍ਰੀ ਦਰਬਾਰ ਸਾਹਿਬ ਲਈ ਧਮਕੀ ਭਰੇ ਈਮੇਲ ਲਿਖਣ ਵਾਲਾ ਮੁਲਜ਼ਮ ਪਹਿਲਾਂ ਤਾਮਿਲਨਾਡੂ ਸਰਕਾਰ ਨੂੰ ਵੀ ਧਮਕੀਆਂ ਦੇ ਚੁੱਕਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਇਸ ਮਾਮਲੇ ਦੀ ਜਾਂਚ ਮੰਗ ਚੁੱਕੇ ਹਨ ਅਤੇ ਉਨ੍ਹਾਂ ਕਿਹਾ ਕਿ ਹੁਣ ਤੱਕ ਪੰਜ ਈਮੇਲ ਜ਼ਰੀਏ ਸ੍ਰੀ ਹਰਮਿੰਦਰ ਸਾਹਿਬ 'ਚ ਬੰਬ ਰੱਖੇ ਹੋਣ ਦੀ ਧਮਕੀ ਮਿਲ ਚੁੱਕੀ ਹੈ। ਧਮਕੀ ਭਰੇ ਈਮੇਲ ਲਗਾਤਾਰ ਮਿਲਣ ਮਗਰੋਂ ਸਮੁੱਚਾ ਸਿੱਖ ਭਾਈਚਾਰਾ ਫ਼ਿਕਰਮੰਦ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਇਸ ਮਾਮਲੇ 'ਤੇ ਚਿੰਤਾ ਪ੍ਰਗਟ ਕਰ ਚੁੱਕੇ ਹਨ। ਅੰਮ੍ਰਿਤਸਰ ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਆਖ ਚੁੱਕੇ ਹਨ ਕਿ ਧਮਕੀ ਭਰੇ ਈਮੇਲ ਭੇਜਣ ਲਈ ਅਮਰੀਕਾ ਦੀ ਇੱਕ ਕੰਪਨੀ ਦੇ ਪਲੈਟਫਾਰਮ ਨੂੰ ਵਰਤਿਆ ਗਿਆ ਹੈ। ਇਸ ਦੌਰਾਨ ਅੱਜ ਚੰਡੀਗੜ੍ਹ 'ਚ ਮੁੱਖ ਮੰਤਰੀ ਨੇ ਉੱਚ ਪੱਧਰੀ ਸੁਰੱਖਿਆ ਮੀਟਿੰਗ ਦੌਰਾਨ ਕਿਹਾ ਕਿ ਪੰਜਾਬ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਸੁਰੱਖਿਆ ਏਜੰਸੀਆਂ ਸਮੇਤ ਪੰਜਾਬ ਪੁਲੀਸ ਪੂਰੀ ਤਰ੍ਹਾਂ ਮੁਸਤੈਦ ਹੈ। ਮੁੱਖ ਮੰਤਰੀ ਨੇ ਪੰਜਾਬ ਦੇ ਲੋਕਾਂ ਨੂੰ ਅਫ਼ਵਾਹਾਂ ਤੋਂ ਸੁਚੇਤ ਰਹਿਣ ਲਈ ਕਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਾਰੇ ਧਰਮਾਂ ਦੇ ਧਾਰਮਿਕ ਅਸਥਾਨ ਪਵਿੱਤਰ ਅਤੇ ਪੂਜਣਯੋਗ ਹਨ ਜਿਨ੍ਹਾਂ ਦੀ ਸੁਰੱਖਿਆ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਮੀਟਿੰਗ ਦੌਰਾਨ ਪੰਜਾਬ ਦੇ ਗ੍ਰਹਿ ਸਕੱਤਰ ਆਲੋਕ ਸ਼ੇਖਰ ਅਤੇ ਡੀਜੀਪੀ ਗੌਰਵ ਯਾਦਵ, ਸੀਨੀਅਰ ਅਧਿਕਾਰੀ ਵੀ. ਨੀਰਜਾ ਤੋਂ ਇਲਾਵਾ ਹੋਰ ਸੀਨੀਅਰ ਪੁਲੀਸ ਅਧਿਕਾਰੀ ਹਾਜ਼ਰ ਸਨ। ਮੁੱਖ ਮੰਤਰੀ ਨੇ ਸੂਬੇ ਦੇ ਮੌਜੂਦਾ ਸੁਰੱਖਿਆ ਹਾਲਾਤ ਬਾਰੇ ਵੀ ਅਧਿਕਾਰੀਆਂ ਤੋਂ ਵਿਸਥਾਰ ਨਾਲ ਰਿਪੋਰਟਾਂ ਲਈਆਂ। ਉਨ੍ਹਾਂ ਅਮਨ ਕਾਨੂੰਨ ਦੀ ਵਿਵਸਥਾ ਨੂੰ ਕਾਇਮ ਰੱਖਣ ਵਾਸਤੇ ਸੀਨੀਅਰ ਪੁਲੀਸ ਅਧਿਕਾਰੀਆਂ ਨੂੰ ਹਦਾਇਤਾਂ ਵੀ ਜਾਰੀ ਕੀਤੀਆਂ।

# ਬਿਹਾਰ 'ਚ ਬਿਜਲੀ ਡਿੱਗਣ ਨਾਲ 19 ਲੋਕਾਂ ਦੀ ਮੌਤ, ਮੁੱਖ ਮੰਤਰੀ ਨਿਤੀਸ਼ ਨੇ ਪ੍ਰਭਾਵਿਤ ਪਰਿਵਾਰਾਂ ਲਈ ਮੁਆਵਜ਼ੇ ਦਾ ਕੀਤਾ ਐਲਾਨ

## ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ, ਪੀੜਤ ਪਰਿਵਾਰਾਂ ਨੂੰ 4-4 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਵੀ ਕੀਤਾ


**ਬਿਹਾਰ।** ਬਿਹਾਰ ਦੇ 10 ਜ਼ਿਲ੍ਹਿਆਂ ਵਿੱਚ ਪਿਛਲੇ 24 ਘੰਟਿਆਂ ਵਿੱਚ ਬਿਜਲੀ ਡਿੱਗਣ ਕਾਰਨ 19 ਲੋਕਾਂ ਦੀ ਮੌਤ ਹੋ ਗਈ ਹੈ। ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਪ੍ਰਭਾਵਿਤ ਪਰਿਵਾਰਾਂ ਲਈ 4-4 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਵੀ ਕੀਤਾ ਹੈ। ਪਿਛਲੇ 24 ਘੰਟਿਆਂ ਵਿੱਚ ਨਾਲੰਦਾ ਵਿੱਚ 05, ਵੈਸ਼ਾਲੀ ਵਿੱਚ 04, ਬਾਂਕਾ ਵਿੱਚ 02, ਪਟਨਾ ਵਿੱਚ 02, ਸ਼ੇਖਪੁਰਾ ਵਿੱਚ 01, ਔਰੰਗਾਬਾਦ ਵਿੱਚ 01, ਸਮਸਤੀਪੁਰ ਵਿੱਚ 01, ਨਵਾਦਾ ਵਿੱਚ 01, ਜਮੂਈ ਵਿੱਚ 01 ਅਤੇ ਜਹਾਨਾਬਾਦ ਵਿੱਚ 01 ਲੋਕਾਂ ਦੀ ਬਿਜਲੀ ਡਿੱਗਣ ਕਾਰਨ ਮੌਤ ਹੋ ਗਈ



ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਆਫ਼ਤ ਦੀ ਇਸ ਘੜੀ ਵਿੱਚ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਹਨ। ਮੁੱਖ ਮੰਤਰੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਤੁਰੰਤ 4-4 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਦੇਣ ਦੇ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਖਰਾਬ ਮੌਸਮ ਦੌਰਾਨ ਪੂਰੀ ਤਰ੍ਹਾਂ ਸੁਚੇਤ ਰਹਿਣ। ਖਰਾਬ ਮੌਸਮ ਦੀ ਸਥਿਤੀ ਵਿੱਚ, ਬਿਜਲੀ ਡਿੱਗਣ ਤੋਂ ਆਪਣੇ ਆਪ ਨੂੰ ਬਚਾਉਣ ਲਈ ਆਫ਼ਤ ਪ੍ਰਬੰਧਨ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ ਸੁਝਾਵਾਂ ਦੀ ਪਾਲਣਾ ਕਰੋ। ਘਰ ਦੇ ਅੰਦਰ ਰਹੋ ਅਤੇ ਖ਼ਰਾਬ ਮੌਸਮ ਦੌਰਾਨ ਸੁਰੱਖਿਅਤ ਰਹੋ।

# ਲੁਧਿਆਣਾ 'ਚ 7 ਮਹੀਨਿਆਂ ਦੀ ਲਾਪਤਾ ਬੱਚੀ ਮਿਲੀ ਵਾਪਸ, ਹਸਪਤਾਲ ਕਰਵਾਇਆ ਗਿਆ ਭਰਤੀ

**ਲੁਧਿਆਣਾ।** ਲੁਧਿਆਣਾ ਦੇ ਨਿਊ ਕਰਤਾਰ ਨਗਰ ਇਲਾਕੇ ਵਿੱਚ ਬੀਤੀ ਰਾਤ ਲਾਪਤਾ ਹੋਈ 7 ਮਹੀਨੇ ਦੀ ਬੱਚੀ ਵੀਰਵਾਰ ਦੁਪਹਿਰ ਨੂੰ ਵਾਪਸ ਮਿਲ ਗਈ ਹੈ। ਜਿਵੇਂ ਹੀ ਇਹ ਮਾਮਲਾ ਹਾਈਲਾਈਟ ਹੋਇਆ, ਕੋਈ ਬੱਚੀ ਨੂੰ ਘਰ ਦੇ ਪਿੱਛੇ ਇੱਕ ਖਾਲੀ ਪਲਾਟ ਵਿੱਚ ਛੱਡ ਕੇ ਭੱਜ ਗਿਆ। ਪਰਿਵਾਰ ਨੇ ਕਿਹਾ ਬੱਚੀ ਨੂੰ ਮੁੱਢਲੀ ਸਹਾਇਤਾ ਅਤੇ ਆਕਸੀਜਨ ਆਦਿ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਹਾਲਾਂਕਿ ਬੱਚੀ ਦੇ ਮਾੜੀ ਮੋਟੀਆਂ ਖਰੋਚਾਂ ਤੇ ਬੁਖ਼ਾਰ ਹੋਇਆ ਹੈ। ਦੱਸਣਾ ਬਣਦਾ ਹੈ ਕਿ ਬੀਤੀ ਰਾਤ ਲਗਭਗ 12 ਵਜੇ ਇੱਕ ਅਣਪਛਾਤਾ ਵਿਅਕਤੀ ਮਾਂ ਨਾਲ ਸੁੱਤੀ ਪਈ 7 ਮਹੀਨੇ ਦੀ ਬੱਚੀ ਨੂੰ ਚੁੱਕ ਕੇ ਲੈ ਗਿਆ। ਅੱਜ ਸਵੇਰੇ ਲਗਭਗ 3:30 ਵਜੇ ਜਦੋਂ ਘਰ ਦੀ ਵੱਡੀ ਧੀ ਪੀਹੂ ਬਿਸਤਰੇ ਤੋਂ ਡਿੱਗ ਪਈ ਤਾਂ ਉਹ ਰੋਣ ਲੱਗ ਪਈ। ਰੋਣ ਦੀ ਆਵਾਜ਼ ਸੁਣ ਕੇ ਮਾਂ ਮੀਤ ਕੌਰ ਜਾਗ ਪਈ ਅਤੇ ਉਸ ਦੀ ਧੀ ਅਰੂਹੀ ਬਿਸਤਰੇ 'ਤੇ ਨਹੀਂ ਸੀ। ਉਸ ਨੇ ਤੁਰੰਤ ਰੌਲਾ ਪਾਇਆ ਅਤੇ ਬਾਕੀ ਪਰਿਵਾਰ ਦੇ ਮੈਂਬਰਾਂ ਨੂੰ ਇਕੱਠਾ ਕੀਤਾ। ਪੁਲਿਸ ਅਜੇ ਵੀ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਕਿ ਕੌਣ ਇਸ ਬੱਚੀ ਨੂੰ ਲੈ ਕੇ ਗਿਆ ਸੀ ਤੇ ਵਾਪਸ ਕੌਣ ਘਰ ਦੇ ਪਿਛਲੇ ਪਾਸੇ ਪਲਾਟ ਵਿੱਚ ਰੱਖ ਕੇ ਗਿਆ।



# ਅੰਮ੍ਰਿਤਸਰ 'ਚ ਕਾਊਂਟਰ ਇੰਟੈਲੀਜੈਂਸ ਨੇ ਪਾਕਿਸਤਾਨ ਨਾਲ ਜੁੜੇ ਸਰਹੱਦ ਪਾਰ ਹਥਿਆਰ ਤਸਕਰੀ ਗਿਰੋਹ ਦਾ ਕੀਤਾ ਪਰਦਾਫਾਸ਼

**ਅੰਮ੍ਰਿਤਸਰ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ, ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਨਾਲ ਸਬੰਧਤ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਮਾਡਿਊਲ ਦੇ ਇੱਕ ਸੰਚਾਲਕ ਨੂੰ .30 ਬੋਰ ਦੇ 10 ਆਧੁਨਿਕ ਪਿਸਤੌਲਾਂ ਅਤੇ ਮੈਗਜ਼ੀਨਾਂ ਸਮੇਤ ਗ੍ਰਿਫਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਹਰਜਿੰਦਰ ਸਿੰਘ ਵਾਸੀ ਪਿੰਡ ਡੱਲ, ਤਰਨਤਾਰਨ ਵਜੋਂ ਹੋਈ ਹੈ। ਦੱਸਣਯੋਗ ਹੈ ਕਿ ਉਹ ਇੱਕ ਬਦਨਾਮ ਨਸ਼ਾ ਤਸਕਰ ਹੈ ਜਿਸ ਵਿਰੁੱਧ ਐਨਡੀਪੀਐਸ ਐਕਟ ਨਾਲ ਸਬੰਧਤ ਦੋ ਮਾਮਲੇ ਦਰਜ ਹਨ ਅਤੇ ਹਾਲ ਹੀ ਵਿੱਚ ਉਹ ਜੇਲ੍ਹ ਤੋਂ ਜ਼ਮਾਨਤ 'ਤੇ ਰਿਹਾਅ ਹੋਇਆ ਹੈ। ਇਹ ਸਫ਼ਲਤਾ ਸੀਆਈ ਅੰਮ੍ਰਿਤਸਰ ਵੱਲੋਂ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਅਜਿਹੇ ਮਾਡਿਊਲ ਦੇ ਤਿੰਨ ਕਾਰਕੁਨਾਂ –




ਸਰਬਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਦੋਵੇਂ ਵਾਸੀ ਫਿਰੋਜ਼ਪੁਰ ਅਤੇ ਅਸ਼ਮਨਦੀਪ ਸਿੰਘ ਵਾਸੀ ਤਰਨ ਤਾਰਨ ਨੂੰ ਅੱਠ ਆਧੁਨਿਕ ਹਥਿਆਰਾਂ, 1 ਕਿਲੋ ਹੈਰੋਇਨ ਅਤੇ 2.9 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਸਮੇਤ ਗ੍ਰਿਫਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕਰਨ ਤੋਂ ਪੰਦਰਾਂ ਦਿਨਾਂ ਬਾਅਦ ਹਾਸਲ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਪਾਕਿਸਤਾਨ ਅਧਾਰਤ ਤਸਕਰ ਜੋ ਸਰਹੱਦ ਪਾਰੋਂ ਹਥਿਆਰਾਂ ਦੀ ਖੇਪ ਭੇਜਣ ਲਈ ਡਰੋਨ ਦੀ ਵਰਤੋਂ ਕਰ ਰਿਹਾ ਹੈ, ਨਾਲ ਮਿਲ ਕੇ ਕੰਮ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਮੁਲਜ਼ਮ ਸੂਬੇ ਵਿੱਚ ਅਪਰਾਧਿਕ ਗਤੀਵਿਧੀਆਂ ਨੂੰ ਹਵਾ ਦੇਣ ਦੇ ਇਰਾਦੇ ਨਾਲ ਸੂਬੇ ਭਰ ਦੇ ਅਪਰਾਧੀਆਂ ਅਤੇ ਗੈਂਗਸਟਰਾਂ ਨੂੰ ਹਥਿਆਰ ਸਪਲਾਈ ਕਰ ਰਿਹਾ ਸੀ। ਇਸ ਆਪ੍ਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਡੀਜੀਪੀ ਨੇ ਕਿਹਾ ਕਿ ਸੀਆਈ ਅੰਮ੍ਰਿਤਸਰ ਦੀਆਂ ਟੀਮਾਂ ਨੂੰ ਤਰਨਤਾਰਨ ਦੇ ਪਿੰਡ ਡੱਲ ਨੇੜੇ ਪੈਂਦੇ ਭਾਰਤ-ਪਾਕਿਸਤਾਨ ਸਰਹੱਦੀ ਖੇਤਰ ਤੋਂ ਹਥਿਆਰਾਂ ਦੀ ਖੇਪ ਪ੍ਰਾਪਤ ਹੋਣ ਬਾਰੇ ਖੁਫੀਆ ਜਾਣਕਾਰੀ ਮਿਲੀ ਸੀ। ਉਨ੍ਹਾਂ ਦੱਸਿਆ ਕਿ ਇਸ ਜਾਣਕਾਰੀ 'ਤੇ ਤੁਰੰਤ ਕਾਰਵਾਈ ਕਰਦਿਆਂ, ਪੁਲਿਸ ਟੀਮਾਂ ਨੇ ਸ਼ੱਕੀ ਹਰਜਿੰਦਰ ਸਿੰਘ ਨੂੰ ਅੰਮ੍ਰਿਤਸਰ-ਝਬਾਲ ਸੜਕ 'ਤੇ ਬੋਹੜੂ ਪੁਲ ਨੇੜੇ ਰੋਕਿਆ, ਜਦੋਂ ਉਹ ਕਿਸੇ ਪਾਰਟੀ ਨੂੰ ਖੇਪ ਡਲੀਵਰ ਕਰਨ ਜਾ ਰਿਹਾ ਸੀ ਅਤੇ ਉਸਦੇ ਕਬਜ਼ੇ ਵਿੱਚੋਂ ਗੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਅਤੇ ਉਸ ਵਿਅਕਤੀ ਜਿਸ ਨੂੰ ਇਹ ਖੇਪ ਡਲੀਵਰ ਕੀਤੀ ਜਾਣੀ ਸੀ, ਦੀ ਪਛਾਣ ਕਰਨ ਲਈ ਹੋਰ ਜਾਂਚ ਜਾਰੀ ਹੈ। ਇਸ ਸਬੰਧੀ ਐਫਆਈਆਰ ਨੰਬਰ 39 ਮਿਤੀ 17-07-2025 ਨੂੰ ਅਸਲਾ ਐਕਟ ਦੀਆਂ ਧਾਰਾਵਾਂ 25, 25(1)(ਏ) ਅਤੇ 25(1)(ਬੀ) ਅਤੇ ਭਾਰਤੀ ਨਿਆ ਸੰਹਿਤਾ (ਬੀਐਨਐਸ) ਦੀ ਧਾਰਾ 61(2) ਤਹਿਤ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਦਰਜ ਕੀਤੀ ਗਈ ਹੈ।

# ਅੰਮ੍ਰਿਤਸਰ ਹਵਾਈ ਅੱਡੇ 'ਤੇ 2 ਯਾਤਰੀਆਂ ਕੋਲੋਂ ਕਰੀਬ 1 ਕਰੋੜ ਰੁਪਏ ਦਾ ਸੋਨਾ ਜ਼ਬਤ

**ਅੰਮ੍ਰਿਤਸਰ।** ਕਸਟਮ ਵਿਭਾਗ ਨੇ ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇੱਕ ਵੱਡੀ ਤਸਕਰੀ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਕਸਟਮ ਟੀਮ ਨੇ 2 ਯਾਤਰੀਆਂ ਤੋਂ ਕੁੱਲ 968.47 ਗ੍ਰਾਮ ਸੋਨਾ ਜ਼ਬਤ ਕੀਤਾ ਹੈ, ਜਿਸ ਦੀ ਅੰਤਰ ਰਾਸ਼ਟਰੀ ਕੀਮਤ 96 ਲੱਖ 75 ਹਜ਼ਾਰ ਰੁਪਏ ਦੱਸੀ ਜਾਂਦੀ ਹੈ। ਇਹ ਕਾਰਵਾਈ ਵਿਸ਼ੇਸ਼ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕੀਤੀ ਗਈ। ਜਾਣਕਾਰੀ ਅਨੁਸਾਰ ਇਹ ਦੋਵੇਂ ਯਾਤਰੀ ਇੰਡੀਗੋ ਫ਼ਲਾਈਟ ਨੰਬਰ 6ਓ 201 ਰਾਹੀਂ ਕੋਲਕਾਤਾ ਤੋਂ ਅੰਮ੍ਰਿਤਸਰ ਪਹੁੰਚੇ ਸਨ। ਜਿਵੇਂ ਹੀ ਦੋਵੇਂ ਯਾਤਰੀ ਹਵਾਈ ਅੱਡੇ 'ਤੇ ਪਹੁੰਚੇ, ਕਸਟਮ ਅਧਿਕਾਰੀਆਂ ਨੇ ਸ਼ੱਕ ਦੇ ਆਧਾਰ 'ਤੇ ਉਨ੍ਹਾਂ ਨੂੰ ਰੋਕਿਆ ਅਤੇ ਡੂੰਘਾਈ ਨਾਲ ਜਾਂਚ ਕੀਤੀ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਦੋਵਾਂ ਨੇ



ਬਹੁਤ ਚਲਾਕੀ ਨਾਲ ਸੋਨਾ ਲੁਕਾਇਆ ਸੀ। ਜਦੋਂ ਅਧਿਕਾਰੀਆਂ ਨੇ ਸੋਨਾ ਜ਼ਬਤ ਕੀਤਾ ਤਾਂ ਯਾਤਰੀਆਂ ਨੇ ਇਸ ਦੇ ਸਰੋਤ ਬਾਰੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ। ਕਸਟਮ ਵਿਭਾਗ ਨੇ ਤੁਰੰਤ ਮਾਮਲਾ ਦਰਜ ਕਰਕੇ ਸੋਨਾ ਜ਼ਬਤ ਕਰ ਲਿਆ ਅਤੇ ਦੋਵਾਂ ਮੁਲਜ਼ਮਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ। ਸਰਕਾਰੀ ਨਿਰਦੇਸ਼ਾਂ ਅਨੁਸਾਰ, ਜ਼ਬਤ ਕੀਤਾ ਗਿਆ ਸੋਨਾ ਹੁਣ ਸਰਕਾਰੀ ਖਜ਼ਾਨੇ ਵਿੱਚ ਜਮ੍ਹਾ ਕਰਵਾਇਆ ਜਾਵੇਗਾ ਅਤੇ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਮੁਰਗੀ ਪਾਲਣ ਸਬੰਧੀ ਸਿਖਲਾਈ ਕੋਰਸ

ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ (ਹੁਸ਼ਿਆਰਪੁਰ) ਨਜ਼ਦੀਕ ਮਹਿਲਪੁਰ ਵਿਖੇ "ਮੁਰਗੀ ਪਾਲਣ" ਸਬੰਧੀ ਸਿਖਲਾਈ ਕੋਰਸ ਮਿਤੀ 21 ਤੋਂ 28 ਜੁਲਾਈ, 2025 (21, 22, 24, 25 ਅਤੇ 28-07-2025) ਨੂੰ ਲਗਾਇਆ ਜਾ ਰਿਹਾ ਹੈ।

ਚਾਹਵਾਨ ਕਿਸਾਨ/ਕਿਸਾਨ ਬੀਬੀਆਂ 9463054635 ਤੇ ਸੰਪਰਕ ਕਰੋ।

# ਜਾਤੀ ਆਧਾਰਤ ਸਿਆਸੀ ਪਾਰਟੀਆਂ ਦੇਸ਼ ਲਈ ਬਰਾਬਰ ਦੀਆਂ ਖਤਰਨਾਕ : ਸੁਪਰੀਮ ਕੋਰਟ

**ਨਵੀਂ ਦਿੱਲੀ ।** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਜਾਤੀ ਆਧਾਰ ਉਤੇ ਆਧਾਰਤ ਸਿਆਸੀ ਪਾਰਟੀਆਂ ਦੇਸ਼ ਲਈ ਵੀ ਬਰਾਬਰ ਦੀਆਂ ਖ਼ਤਰਨਾਕ ਹਨ। ਅਦਾਲਤ ਉਸ ਨੇ ਆਲ ਇੰਡੀਆ ਮਜਲਿਸ-ਏ-ਇਤਹਾਦੁਲ ਮੁਸਲਿਮੀਨ (ਏ.ਆਈ.ਐਮ.ਆਈ.ਐਮ.) ਦੀ ਸਿਆਸੀ ਪਾਰਟੀ ਵਜੋਂ ਰਜਿਸਟ੍ਰੇਸ਼ਨ ਰੱਦ ਕਰਨ ਦੀ ਮੰਗ ਵਾਲੀ ਪਟੀਸ਼ਨ ਉਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿਤਾ ਹੈ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਯਮਾਲਿਆ ਬਾਗਚੀ ਦੀ ਬੈਂਚ ਨੇ ਕਿਹਾ ਕਿ ਏ.ਆਈ.ਐਮ.ਆਈ.ਐਮ ਦੇ ਸੰਵਿਧਾਨ ਅਨੁਸਾਰ ਇਸ ਦਾ ਉਦੇਸ਼ ਘੱਟ ਗਿਣਤੀਆਂ ਸਮੇਤ ਸਮਾਜ ਦੇ ਹਰ ਪੱਛੜੇ ਵਰਗ ਲਈ ਕੰਮ ਕਰਨਾ ਹੈ। ਬੈਂਚ ਨੇ ਜੈਨ ਨੂੰ ਦਿੱਲੀ ਹਾਈ ਕੋਰਟ ਦੇ ਉਸ ਹੁਕਮ ਵਿਰੁਧ ਦਾਇਰ ਪਟੀਸ਼ਨ ਵਾਪਸ ਲੈਣ ਲਈ ਕਿਹਾ, ਜਿਸ ਨੇ ਚੋਣ ਕਮਿਸ਼ਨ (ਈ.ਸੀ.) ਵਲੋਂ ਏ.ਆਈ.ਐਮ.ਆਈ.ਐਮ. ਦੀ ਰਜਿਸਟ੍ਰੇਸ਼ਨ ਅਤੇ ਮਾਨਤਾ ਨੂੰ ਚੁਨੌਤੀ ਦੇਣ ਵਾਲੀ ਰਿੱਟ ਪਟੀਸ਼ਨ ਖਾਰਜ ਕਰ ਦਿਤੀ ਸੀ। ਬੈਂਚ ਨੇ ਪਟੀਸ਼ਨਕਰਤਾ ਨੂੰ ਕਿਹਾ, ‘‘ਕੁੱਝ ਸਿਆਸੀ ਪਾਰਟੀਆਂ ਹਨ ਜੋ ਜਾਤੀ ਦੇ ਆਧਾਰ ਉਤੇ ਨਿਰਭਰ ਹਨ, ਜੋ ਦੇਸ਼ ਲਈ ਵੀ ਬਰਾਬਰ ਦੀਆਂ ਖਤਰਨਾਕ ਹੈ। ਇਸ ਦੀ ਇਜਾਜ਼ਤ ਨਹੀਂ ਹੈ। ਇਸ ਲਈ ਤੁਸੀਂ ਇਕ ਨਿਰਪੱਖ



ਪਟੀਸ਼ਨ ਦਾਇਰ ਕਰ ਸਕਦੇ ਹੋ ਜੋ ਕਿਸੇ ਵਿਸ਼ੇਸ਼ ਸਿਆਸੀ ਪਾਰਟੀ ਉਤੇ ਦੋਸ਼ ਨਹੀਂ ਲਗਾਉਂਦੀ ਜਾਂ ਕਿਸੇ ਵਿਅਕਤੀ ਉਤੇ ਦੋਸ਼ ਨਹੀਂ ਲਗਾਉਂਦੀ ਅਤੇ ਆਮ ਮੁੱਦੇ ਉਠਾਉਂਦੀ ਹੈ। ਸਾਡੇ ਧਿਆਨ ਵਿਚ ਲਿਆਓ ਅਤੇ ਅਸੀਂ ਇਸ ਦਾ ਧਿਆਨ ਰੱਖਾਂਗੇ।’’ ਪਟੀਸ਼ਨਕਰਤਾ ਤਿਰੂਪਤੀ ਨਰਸਿਮਹਾ ਮੁਰਾਰੀ ਦੀ ਨੁਮਾਇੰਦਗੀ ਕਰਨ ਵਾਲੇ ਜੈਨ ਨੇ ਕਿਹਾ ਕਿ ਏ.ਆਈ.ਐਮ.ਆਈ.ਐਮ ਇਹ ਵੀ ਕਹਿੰਦਾ ਹੈ ਕਿ ਉਹ ਮੁਸਲਮਾਨਾਂ ਵਿਚ ਇਸਲਾਮੀ ਸਿੱਖਿਆ ਨੂੰ ਉਤਸ਼ਾਹਤ ਕਰੇਗਾ ਅਤੇ ਸ਼ਰੀਆ ਕਾਨੂੰਨ ਦੀ ਪਾਲਣਾ ਕਰਨ ਲਈ ਆਮ ਜਾਗਰੂਕਤਾ ਪੈਦਾ ਕਰੇਗਾ। ਜਸਟਿਸ ਕਾਂਤ ਨੇ ਕਿਹਾ, ‘‘ਤਾਂ ਇਸ ਵਿਚ ਗਲਤ ਕੀ ਹੈ? ਇਸਲਾਮੀ ਸਿੱਖਿਆ ਸਿਖਾਉਣਾ ਗਲਤ ਨਹੀਂ ਹੈ। ਜੇ ਵੱਧ ਤੋਂ ਵੱਧ ਸਿਆਸੀ ਪਾਰਟੀਆਂ ਦੇਸ਼ ਵਿਚ ਵਿਦਿਅਕ ਸੰਸਥਾਵਾਂ ਸਥਾਪਤ ਕਰਦੀਆਂ ਹਨ ਤਾਂ ਅਸੀਂ ਸਵਾਗਤ ਕਰਾਂਗੇ। ਇਸ ਵਿਚ ਕੁੱਝ ਵੀ ਗਲਤ ਨਹੀਂ ਹੈ।’’ ਜੈਨ ਨੇ ਦਲੀਲ ਦਿਤੀ ਕਿ ਭੇਦਭਾਵ ਹੈ ਕਿਉਂਕਿ ਉਨ੍ਹਾਂ ਦਾਅਵਾ ਕੀਤਾ ਕਿ ਜੇਕਰ ਉਹ ਹਿੰਦੂ ਨਾਮ ਨਾਲ ਕਿਸੇ ਸਿਆਸੀ ਪਾਰਟੀ ਨੂੰ ਰਜਿਸਟਰ ਕਰਨ ਲਈ ਚੋਣ ਕਮਿਸ਼ਨ ਕੋਲ ਜਾਂਦੇ ਹਨ ਅਤੇ ਇਹ ਹਲਫਨਾਮਾ ਦਿੰਦੇ ਹਨ ਕਿ ਉਹ ਵੇਦ, ਪੁਰਾਣ ਅਤੇ ਉਪਨਿਸ਼ਦ ਪੜ੍ਹਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿਤੀ ਜਾਵੇਗੀ। ਬੈਂਚ ਨੇ ਕਿਹਾ, ‘‘ਜੇਕਰ ਚੋਣ ਕਮਿਸ਼ਨ ਵੇਦਾਂ, ਪੁਰਾਣਾਂ, ਸ਼ਾਸਤਰਾਂ ਜਾਂ ਕਿਸੇ ਧਾਰਮਕ ਗ੍ਰੰਥਾਂ ਦੀ ਸਿੱਖਿਆ ਉਤੇ ਅਜਿਹਾ ਕੋਈ ਇਤਰਾਜ਼ ਉਠਾਉਂਦਾ ਹੈ ਤਾਂ ਕਿਰਪਾ ਕਰ ਕੇ ਉਚਿਤ ਮੰਚ ਉਤੇ ਜਾਓ। ਕਾਨੂੰਨ ਇਸ ਦਾ ਧਿਆਨ ਰੱਖੇਗਾ। ਸਾਡੇ ਪੁਰਾਣੇ ਗ੍ਰੰਥ, ਕਿਤਾਬਾਂ ਜਾਂ ਸਾਹਿਤ ਜਾਂ ਇਤਿਹਾਸ ਨੂੰ ਪੜ੍ਹਨ ਵਿਚ ਕੁੱਝ ਵੀ ਗਲਤ ਨਹੀਂ ਹੈ। ਬਿਲਕੁਲ, ਕਾਨੂੰਨ ਦੇ ਤਹਿਤ ਕੋਈ ਪਾਬੰਦੀ ਨਹੀਂ ਹੈ।’’ ਜਸਟਿਸ ਕਾਂਤ ਨੇ ਜੈਨ ਨੂੰ ਅੱਗੇ ਕਿਹਾ ਕਿ ਜੇ ਕੋਈ ਸਿਆਸੀ ਪਾਰਟੀ ਕਹਿੰਦੀ ਹੈ ਕਿ ਉਹ ਛੂਤ-ਛਾਤ ਨੂੰ ਉਤਸ਼ਾਹਤ ਕਰੇਗੀ, ਤਾਂ ਇਹ ਬਿਲਕੁਲ ਅਪਮਾਨਜਨਕ ਹੈ ਅਤੇ ਇਸ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ ਅਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਪਰ ਜੇ ਸੰਵਿਧਾਨ ਕਿਸੇ ਧਾਰਮਕ ਕਾਨੂੰਨ ਦੀ ਰੱਖਿਆ ਕਰਦਾ ਹੈ ਅਤੇ ਪਾਰਟੀ ਕਹਿੰਦੀ ਹੈ ਕਿ ਉਹ ਲੋਕਾਂ ਨੂੰ ਇਹ ਸਿਖਾਉਣਾ ਚਾਹੁੰਦੀ ਹੈ, ਤਾਂ ਇਸ ਵਿਚ ਕੁੱਝ ਵੀ ਗਲਤ ਨਹੀਂ ਹੈ।

## ਜੇਲ ਤੋਂ ਪੈਰੋਲ 'ਤੇ ਇਲਾਜ ਕਰਵਾਉਣ ਲਈ ਹਸਪਤਾਲ ਆਏ ਗੈਂਗਸਟਰ ਦਾ ਕਤਲ



**ਬਿਹਾਰ।** ਬਿਹਾਰ ਦੇ ਪਟਨਾ ਦੇ ਪਾਰਸ ਹਸਪਤਾਲ ਵਿਚ ਦਾਖ਼ਲ ਗੈਂਗਸਟਰ ਚੰਦਨ ਮਿਸ਼ਰਾ ਦਾ ਹਸਪਤਾਲ ਦੇ ਅੰਦਰ ਹੀ ਅਪਰਾਧੀਆਂ ਨੇ ਕਤਲ ਕਰ ਦਿੱਤਾ ਹੈ। ਵੀਰਵਾਰ ਨੂੰ ਸ਼ਾਸਤਰੀ ਨਗਰ ਥਾਣਾ ਖੇਤਰ ਵਿੱਚ ਹਸਪਤਾਲ ਦੇ ਆਈਸੀਯੂ ਦੇ ਅੰਦਰ ਉਸ ਨੂੰ ਗੋਲੀ ਮਾਰ ਦਿੱਤੀ ਗਈ। ਅਪਰਾਧੀਆਂ ਨੇ ਹਸਪਤਾਲ ਦੇ ਕਮਰਾ ਨੰਬਰ 209 ਵਿੱਚ ਇਸ ਘਟਨਾ ਨੂੰ ਅੰਜਾਮ ਦਿੱਤਾ। ਅਪਰਾਧੀਆਂ ਨੇ ਇਸ ਘਟਨਾ ਨੂੰ ਸਿਰਫ਼ 25 ਸਕਿੰਟਾਂ ਵਿੱਚ ਅੰਜਾਮ ਦਿੱਤਾ। ਜਿਸ ਵਿਅਕਤੀ ਦਾ ਕਤਲ ਕੀਤਾ ਗਿਆ ਹੈ ਉਸਦੀ ਪਛਾਣ ਚੰਦਨ ਮਿਸ਼ਰਾ ਵਜੋਂ ਹੋਈ ਹੈ। ਚੰਦਨ ਮਿਸ਼ਰਾ ਨੂੰ ਬੇਊਰ ਜੇਲ੍ਹ ਤੋਂ ਪੈਰੋਲ 'ਤੇ ਇਲਾਜ ਲਈ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਚੰਦਨ ਮਿਸ਼ਰਾ ਬਕਸਰ ਦਾ ਰਹਿਣ ਵਾਲਾ ਸੀ ਅਤੇ ਕੇਸਰੀ ਨਾਮਕ ਵਿਅਕਤੀ ਦੇ ਕਤਲ ਕੇਸ ਵਿੱਚ ਦੋਸ਼ੀ ਸੀ। ਪੁਲਿਸ ਨੇ ਚੰਦਨ ਮਿਸ਼ਰਾ ਦੇ ਕਮਰੇ ਵਿੱਚੋਂ 12 ਖੋਲ ਬਰਾਮਦ ਕੀਤੇ ਹਨ। ਪੁਲਿਸ ਨੇ ਹਸਪਤਾਲ ਦੇ ਗਾਰਡ ਸਮੇਤ 12 ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਮਾਮਲੇ ਵਿੱਚ ਉਨ੍ਹਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਐਸਐਸਪੀ ਕਾਰਤਿਕ ਕੇ ਸ਼ਰਮਾ ਨੇ ਕਿਹਾ ਕਿ ਚੰਦਨ ਮਿਸ਼ਰਾ ਇੱਕ ਬਦਨਾਮ ਅਪਰਾਧੀ ਸੀ ਅਤੇ ਉਸ ਦੇ ਵਿਰੋਧੀ ਸਮੂਹ ਨੇ ਹਸਪਤਾਲ ਵਿੱਚ ਦਾਖ਼ਲ ਹੋ ਕੇ ਕਤਲ ਨੂੰ ਅੰਜਾਮ ਦਿੱਤਾ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਅਪਰਾਧੀਆਂ ਦੀਆਂ ਤਸਵੀਰਾਂ ਮਿਲ ਗਈਆਂ ਹਨ ਅਤੇ ਉਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪੁਲਿਸ ਦੇ ਅਨੁਸਾਰ, ਚੰਦਨ ਮਿਸ਼ਰਾ ਦੇ ਖ਼ਿਲਾਫ਼ ਕਤਲ ਅਤੇ ਗੈਂਗ ਵਾਰ ਨਾਲ ਸਬੰਧਤ ਦਰਜਨਾਂ ਮਾਮਲੇ ਦਰਜ ਸਨ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸਰਕਾਰੀ ਸਕੂਲਾਂ ਦੀਆਂ ਮੈਨੇਜਮੈਂਟ ਕਮੇਟੀਆਂ ਵਿੱਚ ਬੇਲੋੜੀ ਸਿਆਸੀ ਦਖਲ ਅੰਦਾਜ਼ੀ ਸਕੂਲਾਂ ਦਾ ਮਹੌਲ ਕਰੇਗੀ ਖਰਾਬ - ਨਾਨਕਪੁਰ,ਅਰੁਣਦੀਪ

**ਕਪੂਰਥਲਾ (ਕੌੜਾ)–** ਸੀਨੀਅਰ ਅਕਾਲੀ ਆਗੂ ਅਤੇ ਮੈਂਬਰ ਪੀ ਏ ਸੀ ਸ਼੍ਰੋਮਣੀ ਅਕਾਲੀ ਦਲ ਸੁਖਦੇਵ ਸਿੰਘ ਨਾਨਕਪੁਰ ਅਤੇ ਯੂਥ ਅਕਾਲੀ ਆਗੂ ਤੇ ਸਾਬਕਾ ਪੰਜਾਬ ਪ੍ਰਧਾਨ ਕੰਪਿਊਟਰ ਅਧਿਆਪਕ ਜਥੇਬੰਦੀ ਅਰੁਨਦੀਪ ਸਿੰਘ ਸੈਦਪੁਰ ਨੇ ਸਾਝੇਂ ਤੌਰ ਤੇ ਪ੍ਰੈਸ ਨੂੰ ਦੱਸਿਆ ਕਿ ਪੰਜਾਬ ਵਿੱਚ ਰਾਜ ਕਰਦੀ ਸਰਕਾਰ ਵੱਲੋਂ ਆਪਣੀ ਪਾਰਟੀ ਨਾਲ ਸਬੰਧਤ ਵਰਕਰਾਂ ਨੂੰ, ਜਿਹਨਾਂ ਦਾ ਸਬੰਧਤ ਸਕੂਲਾਂ ਨਾਲ ਕੋਈ ਸਬੰਧ ਵੀ ਨਹੀਂ ਹੈ, ਨੂੰ ਸਕੂਲਾਂ ਦੀਆਂ ਮੈਨੇਜਮੈਂਟ ਕਮੇਟੀਆਂ ਵਿੱਚ ਸਰਕਾਰੀ ਧੱਕੇ ਨਾਲ ਐਡਜਸਟ ਕੀਤਾ ਜਾ ਰਿਹਾ ਹੈ। ਇਸ ਨਾਲ ਸਕੂਲਾਂ ਵਿੱਚ ਸਿਆਸੀ ਦਖਲ ਅੰਦਾਜੀ ਵਧੇਗੀ ਅਤੇ ਸਕੂਲਾਂ ਦਾ ਮਹੌਲ ਖਰਾਬ ਹੋਵੇਗਾ, ਇਸ ਤਰ੍ਹਾਂ ਦੇ ਮਹੌਲ ਨਾਲ ਸਰਕਾਰੀ ਸਕੂਲਾਂ ਵਿੱਚ ਪੜਾਉਣ ਵਾਲੇ ਆਧਿਆਪਕਾਂ ਅਤੇ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਹਿੱਤਾਂ ਦਾ ਪੂਰੀ ਤਰ੍ਹਾਂ ਘਾਣ ਹੋਵੇਗਾ। ਇੱਥੇ ਵਰਨਣ ਯੋਗ ਹੈ ਕਿ ਸਰਕਾਰੀ ਸਕੂਲਾਂ ਵਿੱਚ ਸਕੂਲ ਮੈਨੇਜਮੈਂਟ



ਕਮੇਟੀਆਂ ਦਾ ਗਠਨ ਹਰ ਵਾਰ ਦੋ ਸਾਲ ਲਈ ਹੁੰਦਾ ਹੈ ਅਤੇ ਇਸ ਵਿਚ ਸਬੰਧਤ ਸਕੂਲ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਹੀ ਮੈਂਬਰ ਲਿਆ ਜਾਂਦਾ ਹੈ ਅਤੇ ਉਹਨਾਂ ਮੈਂਬਰਾਂ ਵਿੱਚੋਂ ਹੀ ਸਰਬਸੰਮਤੀ ਨਾਲ ਇੱਕ ਚੈਅਰਮੈਨ ਚੁਣਿਆ ਜਾਂਦਾ ਹੈ। ਇਸੇ ਤਰ੍ਹਾਂ ਉਸੇ ਪਿੰਡ ਦੇ ਰਿਟਾਇਰੀ ਅਧਿਆਪਕ ਨੂੰ ਸਰਬਸੰਮਤੀ ਨਾਲ ਸਿੱਖਿਆ ਸਾਸ਼ਤਰੀ ਦੇ ਤੌਰ ਤੇ ਨਾਮਜ਼ਦ ਕੀਤਾ ਜਾਂਦਾ ਹੈ। ਅਕਾਲੀ ਆਗੂਆਂ ਨੇ ਦੱਸਿਆ ਕਿ ਇਸ ਵਾਰ ਸਰਕਾਰ ਨੇ ਵੱਖਰਾ ਹੀ ਅਨੋਖਾ ਹੁਕਮ ਜਾਰੀ ਕਰਦਿਆਂ ਆਪ ਦੇ ਸਿਆਸੀ ਵਰਕਰਾਂ ਨੂੰ ਸਕੂਲਾਂ ਦੀਆਂ ਇਹਨਾਂ ਮੈਨੇਜਮੈਂਟ ਕਮੇਟੀਆਂ ਵਿੱਚ ਪਾਉਣ ਲਈ ਜਿਲ੍ਹਾ ਪੱਧਰ ਤੇ ਲਿਸਟਾਂ ਤਿਆਰ ਕਰਕੇ ਸਕੂਲਾਂ ਨੂੰ ਭੇਜੀਆਂ ਹਨ ਅਤੇ ਸਕੂਲ ਪ੍ਰਿੰਸੀਪਲਾਂ ਤੇ ਦਬਾਅ ਬਣਾਇਆ ਜਾ ਰਿਹਾ ਹੈ ਕਿ ਇਹਨਾਂ ਮੈਂਬਰਾ ਨੂੰ ਹੀ ਕਮੇਟੀ ਵਿੱਚ ਸ਼ਾਮਲ ਕੀਤਾ ਜਾਵੇ। ਇੱਥੇ ਦੱਸਣਯੋਗ ਹੈ ਕਿ ਸਮੁੱਚੀਆਂ ਅਧਿਆਪਕ ਜਥੇਬੰਦੀਆਂ ਇਸ ਸਿਆਸੀ ਦਖਲ ਅੰਦਾਜ਼ੀ ਵਾਲੇ ਫੈਸਲੇ ਦਾ ਵਿਰੋਧ ਕਰ ਰਹੀਆਂ ਹਨ। ਅਕਾਲੀ ਆਗੂਆਂ ਨੇ ਕਿਹਾ ਕਿ ਇਸ ਗੈਰ ਇਖਲਾਕੀ ਫੈਸਲੇ ਦੀ ਪੂਰੀ ਤਰ੍ਹਾਂ ਨਿਖੇਧੀ ਕਰਦੇ ਹਨ ਅਤੇ ਇਸ ਮੁੱਦੇ ਤੇ ਉਹ ਪੂਰੀ ਤਰ੍ਹਾਂ ਅਧਿਆਪਕ ਜਥੇਬੰਦੀਆਂ ਦੇ ਨਾਲ ਹਨ। ਉਹਨਾਂ ਕਿਹਾ ਕਿ ਇਸ ਗੈਰ ਇਖਲਾਕੀ ਫੈਸਲੇ ਨੂੰ ਸਰਕਾਰ ਤਰੁੰਤ ਵਾਪਸ ਲਏ, ਜਿਸ ਨਾਲ ਸਰਕਾਰੀ ਸਕੂਲਾਂ ਦਾ ਮਹੌਲ ਖਰਾਬ ਨਾ ਹੋਵੇ। ਇਸ ਮੌਕੇ ਤੇ ਉਹਨਾਂ ਨਾਲ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਦਰਬਾਰਾ ਸਿੰਘ ਵਿਰਦੀ, ਸਤਨਾਮ ਸਿੰਘ ਰਾਮੇ, ਪਰਦੀਪ ਸਿੰਘ ਮੋਮੀ, ਸਿਮਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਮੌਰੀਸ਼ਸ: ਭਾਰਤੀ ਵਿਦਿਆਰਥੀਆਂ ਲਈ ਉਭਰਦੀ ਹੋਈ ਵਿਦੇਸ਼ੀ ਸਿੱਖਿਆ ਦੀ ਮੰਜ਼ਿਲ ਹੈ-ਅਮਿਤੋਜ ਸਿੰਘ

## ਮੌਰੀਸ਼ਸ ਵਿੱਚ 10 ਸਾਲ ਤੱਕ ਦੇ ਸਟਡੀ ਗੈਪ ਵਾਲੇ ਵਿਦਿਆਰਥੀਆਂ ਨੂੰ ਵੀ ਖੁੱਲ੍ਹਾ ਮੌਕਾ

**ਸੁਲਤਾਨਪੁਰ ਲੋਧੀ (ਸੋਢੀ )** – ਅਮਿਤੋਜ ਸਿੰਘ ਕੰਬੋਜ, ਜੋ ਕਿ ਅਕਾਲ ਐਜੂਕੇਸ਼ਨਲ ਸਰਵਿ-ਸਿਜ਼, ਸੁਲਤਾਨਪੁਰ ਲੋਧੀ ਵਿੱਚ ਵੀਜ਼ਾ ਐਡਵਾਈਜ਼ਰ ਹਨ, ਨੇ ਦੱਸਿਆ ਕਿ ਮੌਰੀਸ਼ਸ ਦੇਸ਼ ਹੁਣ ਭਾਰਤੀ ਵਿਦਿਆਰਥੀਆਂ ਲਈ ਇੱਕ ਉਭਰਦੀ ਹੋਈ ਵਿਦੇਸ਼ੀ ਸਿੱਖਿਆ ਦੀ ਮੰਜ਼ਿਲ ਵਜੋਂ ਸਾਹਮਣੇ ਆ ਰਿਹਾ ਹੈ। ਇਹ ਦੇਸ਼ ਨਾਂ ਸਿਰਫ਼ ਘੱਟ ਖਰਚ ਵਾਲੀ ਵਿਦੇਸ਼ੀ ਪੜ੍ਹਾਈ ਪੇਸ਼ ਕਰਦਾ ਹੈ, ਸਗੋਂ ਅੰਗਰੇਜ਼ੀ ਮਾਧਿਅਮ, ਸੁਰੱਖਿਅਤ ਵਾਤਾਵਰਣ ਅਤੇ ਯੂਰਪ ਜਾਂ ਇੰਗਲੈਂਡ ਵਿੱਚ ਅੱਗੇ ਦੀ ਸਿੱਖਿਆ ਲਈ ਇੱਕ ਮਜ਼ਬੂਤ ਰਾਹਦਾਰੀ ਵੀ ਦਿੰਦਾ ਹੈ।ਅਮਿਤੋਜ ਸਿੰਘ ਕੰਬੋਜ ਨੇ ਦੱਸਿਆ ਕਿ ਮੌਰੀਸ਼ਸ ਵਿੱਚ ਦਾਖਲਾ ਲੈਣ ਲਈ ਆਇਲੈਟਸ ਜਾਂ ਪੀਟੀਈ ਦੀ ਕੋਈ ਲੋੜ ਨਹੀਂ ਹੈ। ਵਿਦਿਆਰਥੀਆਂ ਦੀ 12ਵੀਂ ਜਮਾਤ ਵਿੱਚ ਅੰਗਰੇਜ਼ੀ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਦਾਖਲਾ ਦਿੱਤਾ ਜਾਂਦਾ ਹੈ। ਇਹ ਵਿਸ਼ੇਸ਼ਤਾ ਉਨ੍ਹਾਂ ਵਿਦਿਆਰਥੀਆਂ ਲਈ ਵੱਡਾ ਮੌਕਾ ਹੈ ਜੋ ਆਇਲੈਟਸ ਜਾਂ ਪੀਟੀਈ ਦੀ ਤਿਆਰੀ ਨਹੀਂ ਕਰ ਸਕੇ ਜਾਂ ਜੋ ਫਾਇਨੈਂਸ਼ਲ ਕਾਰਨਾਂ ਕਰਕੇ ਇਹ ਟੈਸਟ ਨਹੀਂ ਦੇ ਸਕਦੇ।ਇਸ ਤੋਂ ਇਲਾਵਾ,



ਮੌਰੀਸ਼ਸ ਵਿੱਚ 10 ਸਾਲ ਤੱਕ ਦੇ ਸਟਡੀ ਗੈਪ ਵਾਲੇ ਵਿਦਿਆਰਥੀਆਂ ਨੂੰ ਵੀ ਖੁਲ੍ਹਾ ਮੌਕਾ ਦਿੱਤਾ ਜਾਂਦਾ ਹੈ। ਕਈ ਵਿਦਿਆਰਥੀਆਂ ਜੋ ਕਿਸੇ ਕਾਰਨ ਕਰਕੇ ਪੜ੍ਹਾਈ ਛੱਡ ਬੈਠੇ ਸਨ, ਹੁਣ ਆਪਣਾ ਕਰੀਅਰ ਮੁੜ ਸ਼ੁਰੂ ਕਰ ਸਕਦੇ ਹਨ। ਅਕਾਦਮਿਕ ਗੈਪ ਉਤੇ ਲਾਗੂ ਹੋਣ ਵਾਲੀਆਂ ਰੋਕਾਂ ਇੱਥੇ ਨਹੀਂ ਹਨ, ਜੋ ਕਿ ਇਸ ਨੂੰ ਹੋਰ ਮੁਲਕਾਂ ਨਾਲੋਂ ਵੱਖਰਾ ਅਤੇ ਲਚਕੀਲਾ ਬਣਾਉਂਦਾ ਹੈ।ਮੌਰੀਸ਼ਸ ਦੀਆਂ ਕਈ ਯੂਨੀਵਰਸਿਟੀਆਂ ਅਤੇ ਕਾਲਜ ਵਿਦਿਆਰਥੀਆਂ ਨੂੰ ਮੁਫ਼ਤ ਰਿਹਾਇਸ਼ ਜਾਂ ਘੱਟ ਕੀਮਤ ਵਾਲਾ ਸੁਰੱਖਿਅਤ ਅਤੇ ਸੱਜਿਆ ਹੋਇਆ ਅਕੋਮੋਡੇਸ਼ਨ ਪ੍ਰਦਾਨ ਕਰਦੀਆਂ ਹਨ। ਇਹ ਰਹਿਣ-ਸਹਿਣ ਦੀ ਚਿੰਤਾ ਤੋਂ ਆਜ਼ਾਦ ਕਰਕੇ ਵਿਦਿਆਰਥੀਆਂ ਨੂੰ ਪੂਰੀ ਤਰ੍ਹਾਂ ਪੜ੍ਹਾਈ ਉਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਦਾ ਹੈ।ਇਸ ਦੇ ਨਾਲ ਹੀ, ਕਾਲਜ ਵਿਦਿਆਰਥੀਆਂ ਨੂੰ ਮੌਰੀਸ਼ਸ ਵਿੱਚ ਪਾਰਟ-ਟਾਈਮ ਕੰਮ ਲੱਭਣ ਵਿੱਚ ਵੀ ਮਦਦ ਕਰਦੇ ਹਨ। ਕਾਫੇ, ਰਿਟੇਲ, ਦਫ਼ਤਰ ਜਾਂ ਸੇਵਾ ਖੇਤਰਾਂ ਵਿੱਚ ਨੌਕਰੀਆਂ ਰਾਹੀਂ ਵਿਦਿਆਰਥੀ ਆਪਣੇ ਖਰਚੇ ਪੂਰੇ ਕਰ ਸਕਦੇ ਹਨ ਅਤੇ ਵਿਦੇਸ਼ ਵਿੱਚ ਕੰਮ ਕਰਨ ਦਾ ਅਨੁਭਵ ਵੀ ਪ੍ਰਾਪਤ ਕਰਦੇ ਹਨ।ਉਨ੍ਹਾਂ ਦੱਸਿਆ ਕਿ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਮੌਰੀਸ਼ਸ ਵਿੱਚ ਦੋ ਸਾਲ ਦੀ ਪੜ੍ਹਾਈ ਮਗਰੋਂ ਵਿਦਿਆਰਥੀ ਯੂਰਪ ਜਾਂ ਯੂਨਾਈਟਡ ਕਿੰਗਡਮ ਵਿੱਚ ਅੱਗੇ ਦੀ ਪੜ੍ਹਾਈ ਲਈ ਟਰਾਂਸਫਰ ਹੋ ਸਕਦੇ ਹਨ। ਕਈ ਯੂਨੀਵਰਸਿਟੀਆਂ ਦੀਆਂ ਇਨ੍ਹਾਂ ਦੇਸ਼ਾਂ ਨਾਲ ਐਕਡੇਮਿਕ ਟਾਈਅਪਾਂ ਹਨ, ਜਿਸ ਰਾਹੀਂ ਕ੍ਰੈਡਿਟ ਟਰਾਂਸਫਰ ਰਾਹਤ ਨਾਲ ਹੋ ਸਕਦੇ ਹਨ। ਇਹ ਰਾਹਦਾਰੀ ਵਿਦਿਆਰਥੀਆਂ ਨੂੰ ਘੱਟ ਖਰਚੇ ਵਿੱਚ ਵਿਦੇਸ਼ੀ ਡਿਗਰੀ ਪ੍ਰਾਪਤ ਕਰਨ ਦਾ ਮੌਕਾ ਦਿੰਦੀ ਹੈ।ਅਕਾਲ ਐਜੂਕੇਸ਼ਨਲ ਸਰਵਿ-ਸਿਜ਼, ਸੁਲਤਾਨਪੁਰ ਲੋਧੀ ਵਿੱਚ ਅਮਿਤੋਜ ਸਿੰਘ ਕੰਬੋਜ ਦੀ ਅਗਵਾਈ ਹੇਠ, ਵਿਦਿਆਰਥੀਆਂ ਨੂੰ ਸਲਾਹ, ਦਾਖਲਾ, ਵੀਜ਼ਾ ਅਤੇ ਹੋਰ ਸਾਰੇ ਪ੍ਰਕਿਰਿਆਵਾਂ ਵਿੱਚ ਮੁਫ਼ਤ ਸਹਿਯੋਗ ਦੇ ਰਹੀ ਹੈ। ਇਨ੍ਹਾਂ ਦੀ ਟੀਮ ਵਿਦਿਆਰਥੀਆਂ ਨੂੰ ਸਹੀ ਕੋਲੇਜ ਚੁਣਨ ਤੋਂ ਲੈ ਕੇ ਉੱਥੇ ਪਹੁੰਚਣ ਅਤੇ ਨੌਕਰੀ ਲੱਭਣ ਤੱਕ ਹਰ ਪਗ ਉਤੇ ਮਦਦ ਕਰਦੀ ਹੈ।

# ਬੀਕੇਯੂ ਪੰਜਾਬ ਕਿਸਾਨੀ ਮਸਲਿਆਂ ਤੇ ਪੂਰੀ ਤਰ੍ਹਾਂ ਗੰਭੀਰ - ਨਰਿੰਦਰ ਸਿੰਘ ਬਾਜਵਾ

**ਜਲੰਧਰ (ਹਰਜਿੰਦਰ ਸਿੰਘ ਚੰਦੀ)–** ਪੰਜਾਬ ਦੀ ਸਿਰਮੌਰ ਕਿਸਾਨ ਜਥੇਬੰਦੀ ਬੀਕੇਯੂ ਪੰਜਾਬ ਦੇ ਕੌਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਬਜ਼ੁਰਗ ਦੌੜਾਕ ਫੋਜਾਂ ਸਿੰਘ ਜੀ ਦੀ 114 ਸਾਲ ਦੀ ਉਮਰ ਵਿਚ ਵ੍ਹੀਕਲ ਦੀ ਟੱਕਰ ਵੱਜਣ ਨਾਲ ਹੋਈ ਮੌਤ ਤੇ ਬੀਕੇਯੂ ਪੰਜਾਬ ਗਹਿਰੇ ਦੁਖ ਦਾ ਪ੍ਰਗਟਾਵਾ ਕਰਦੀ ਹੈ। ਬਜ਼ੁਰਗ ਦੌਰਾਨ ਦੀ ਅਚਨਚੇਤ ਮੌਤ ਨਾਲ ਪੂਰੇ ਜਗਤ ਨੂੰ ਗਹਿਰਾ ਸਦਮਾ ਲੱਗਿਆ ਹੈ। ਇਸ ਮੌਕੇ ਬਾਜਵਾ ਵੱਲੋ ਸਰਕਾਰ ਨੂੰ ਅਪੀਲ ਕੀਤੀ ਕਿ ਕਿਸਾਨਾਂ ਨਾਲ ਕਿਸੇ ਪ੍ਰਕਾਰ ਦੀ ਧੱਕੇਸ਼ਾਹੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਮਾਂ ਬਦਲ ਚੁਕਿਆ ਹੈ ਸਰਕਾਰਾਂ ਨੂੰ ਕਿਸਾਨਾਂ ਪ੍ਰਤੀ ਕੀਤੀ ਜਾ ਰਹੀ ਧੱਕੇਸ਼ਾਹੀ ਨੂੰ ਲੈ ਕੇ ਆਪਣਾ ਨਜ਼ਰੀਆ ਬਦਲਣਾ ਪਵੇਗਾ। ਬਾਜਵਾ ਨੇ ਕਿਹਾ ਕਿ ਬੀਕੇਯੂ



ਪੰਜਾਬ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਦੀ ਯੋਗ ਅਗਵਾਈ ਹੇਠ ਕਿਸਾਨਾਂ ਨਾਲ ਮੌਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਤੇ ਹਰ ਮੌਰਚੇ ਵਿਚ ਮੋਹਰੀ ਭੂਮਿਕਾ ਨਿਭਾਉਣ ਲਈ ਵਚਨਬੱਧ ਹੈ। ਉਨ੍ਹਾਂ ਲੁਧਿਆਣਾ ਮੌਰਚੇ ਵਿਚ ਪੰਜਾਬ ਦੇ ਕਿਸਾਨਾਂ ਨੂੰ ਤਨ ਮਨ ਨਾਲ ਡੱਟ ਕੇ ਅੰਦੋਲਨ ਵਿਚ ਕੁੱਦਣ ਦੀ ਅਪੀਲ ਕੀਤੀ ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਇਕ ਇੰਚ ਜ਼ਮੀਨ ਕਿਸੇ ਤੇ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ।

# ਸਮਾਜ ਸੇਵੀ ਅਰੁਣ ਘਈ ਨਾਲ ਦੁੱਖ ਸਾਂਝਾ ਕਰਨ ਲਈ ਬਸਪਾ ਆਗੂ ਪੁੱਜੇ

**ਬੰਗਾ (ਚਰਨਜੀਤ ਸੱਲ੍ਹਾਂ )** ਸਮਾਜਸੇਵੀ ਅਰੁਣ ਘਈ ਸਾਬਕਾ ਵਾਈਸ ਪ੍ਰਧਾਨ ਐਮ ਸੀ ਬੰਗਾ ਦੇ ਛੋਟੇ ਭਰਾ ਅਨਿਲ ਕੁਮਾਰ ਘਈ (ਭਗਤ ਜੀ) ਦੀ ਯੂ ਐਸ ਏ ਵਿੱਚ ਬੀਤੇ ਦਿਨੀਂ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ ਅਜ ਉਨ੍ਹਾਂ ਦੇ ਨਿਵਾਸ ਬੰਗਾ ਸ਼ਹਿਰ ਪਹੁੰਚਕੇ ਘਈ ਪਰਿਵਾਰ ਨਾਲ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਅਤੇ ਪਰਮਜੀਤ ਮਹਿਰਮਪੁਰੀ ਨੇ ਦੁਖ ਸਾਂਝਾ ਕੀਤਾ ਅਤੇ ਭਾਣਾ ਮੰਨਣ ਕਿਹਾ।



The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਡਾ. ਸੁੱਖੀ ਵੱਲੋਂ ਢਾਹਾਂ ਕਲੇਰਾਂ ਵਿਖੇ 40 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਨਵੀਂ ਲਿੰਕ ਸੜਕ ਦਾ ਨਿਰਮਾਣ ਕਾਰਜ ਆਰੰਭ

**ਬੰਗਾ (ਚਰਨਜੀਤ ਸੱਲ੍ਹਾਂ)** ਡਾ. ਸੁਖਵਿੰਦਰ ਕੁਮਾਰ ਸੁੱਖੀ ਚੇਅਰਮੈਨ ਪੰਜਾਬ ਸਟੇਟ ਕੰਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ (ਕੈਬਨਿਟ ਰੈਂਕ ਪੰਜਾਬ ਸਰਕਾਰ) ਨੇ ਢਾਹਾਂ ਕਲੇਰਾਂ ਵਿਖੇ ਬੰਗਾ-ਫਗਵਾੜਾ ਸੜਕ ਤੋਂ ਪਿੰਡ ਕਲੇਰਾਂ ਨੂੰ ਜਾਣਵਾਲੀ ਰੋਡ ਤੋਂ ਨਿਕਲਦੀਆਂ ਲਿੰਕ ਸੜਕਾਂ ਦੇ ਨਿਰਮਾਣ ਕਾਰਜ ਦੀ ਆਰੰਭ ਆਪਣੇ ਕਰ ਕਮਲਾਂ ਨਾਲ ਰਿਬਨ ਕੱਟਕੇ ਕੀਤਾ । ਇਸ ਸੜਕ ਉੱਪਰ 40 ਲੱਖ ਰੁਪਏ ਦੀ ਅਨੁਮਾਨਤ ਲਾਗਤ ਆਵੇਗੀ । ਇਸ ਮੌਕੇ ਡਾ. ਸੁੱਖੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੀ ਤਰੱਕੀ ਅਤੇ ਵਿਕਾਸ ਲਈ ਕੰਮ ਤੇਜ਼ੀ ਨਾਲ ਹੋ ਰਹੇ ਹਨ ਅਤੇ ਪੰਜਾਬ ਵਿਚ ਨਵੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ । ਉਹਨਾਂ ਕਿਹਾ ਕਿ ਪੰਜਾਬ ਦੀਆਂ ਮੰਡੀਆਂ ਅਤੇ ਪੇਂਡੂ ਖੇਤਰਾਂ ਦਾ ਨਵੀਨੀਕਰਨ ਤੇਜ਼ੀ ਨਾਲ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਕਰਵਾਇਆ ਜਾ ਰਿਹਾ ਹੈ । ਇਹਨਾਂ ਵਿਕਾਸ ਕਾਰਜਾਂ ਦੀ ਲੜੀ ਤਹਿਤ ਅੱਜ ਢਾਹਾਂ ਕਲੇਰਾਂ ਵਿਖੇ ਪਿੰਡ ਕਲੇਰਾਂ ਨੂੰ ਜਾਂਦੀ ਸੜਕ ਤੋਂ ਪਿੰਡ ਬਾਹੜੋਵਾਲ, ਹਸਪਤਾਲ ਢਾਹਾਂ ਕਲੇਰਾਂ ਤੇ ਸ਼ਮਸ਼ਾਨ ਘਾਟ ਢਾਹਾਂ ਨੂੰ ਜਾਂਦੀਆਂ ਲਿੰਕ ਪੁਰਾਣੀਆਂ ਸੜਕਾਂ ਦੇ ਨਵ ਨਿਰਮਾਣ ਕਾਰਜਾਂ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਡਾ. ਸੁਖਵਿੰਦਰ ਕੁਮਾਰ ਸੁੱਖੀ ਚੇਅਰਮੈਨ ਨੇ ਇਸ ਮੌਕੇ ਢਾਹਾਂ ਕਲੇਰਾਂ ਵਿਖੇ ਚੱਲ ਰਹੇ ਮੈਡੀਕਲ ਅਤੇ ਵਿਦਿਅਕ ਅਦਾਰਿਆਂ ਲਈ ਵੀ ਪੰਜਾਬ ਸਰਕਾਰ ਤੋਂ ਵੱਧ ਤੋਂ ਵੱਧ ਸਹਿਯੋਗ ਦੇਣ ਭਰੋਸਾ ਦਿਵਾਇਆ।ਇਸ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ ਦਾ ਢਾਹਾਂ ਕਲੇਰਾਂ ਵਿਖੇ ਲਿੰਕ ਰੋਡ ਦੇ ਨਿਰਮਾਣ ਦੇ ਸ਼ੁਰੂ ਕਰਵਾਉਣ ਲਈ ਹਾਰਦਿਕ ਧੰਨਵਾਦ ਕੀਤਾ । ਇਸ ਮੌਕੇ ਡਾ. ਸੁੱਖੀ ਵਿਸ਼ੇਸ਼ ਤੌਰ 'ਤੇ ਟਰੱਸਟ ਦਫਤਰ ਵਿਖੇ ਪੁੱਜੇ, ਜਿੱਥੇ ਉਹਨਾਂ ਦਾ ਟਰੱਸਟ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਸ੍ਰੀ ਸੋਹਨ ਲਾਲ ਢੰਡਾ, ਪ੍ਰੋ: ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ ਗੁਰੂ ਨਾਨਕ ਮਿਸ਼ਨ ਪਬਲਿਕ ਸੀ.ਸੈ. ਸਕੂਲ ਢਾਹਾਂ ਕਲੇਰਾਂ, ਬਾਬਾ ਗੁਰਜੀਤ ਸਿੰਘ ਸੰਗਤੀਪੁਰ, ਸ. ਨਵਦੀਪ ਸਿੰਘ ਸੰਧੂ, ਸ੍ਰੀ ਗੌਰਵ ਭੱਟੀ ਐਕਸੀਅਨ, ਸ੍ਰੀ ਸੰਦੀਪ ਜੱਸੀ ਐਸ.ਡੀ.ਓ., ਸ. ਚਰਨਜੀਤ ਸਿੰਘ ਜੇ.ਈ., ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਡਾ. ਬਲਵਿੰਦਰ ਸਿੰਘ ਡਿਪਟੀ ਮੈਡੀਕਲ ਸੁਪਰਡੈਂਟ, ਸ. ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਇੰਜੀ: ਭੁਪਿੰਦਰ ਸਿੰਘ, ਸ. ਜਸਵੀਰ ਸਿੰਘ ਮਜਾਰੀ, ਸ. ਗੁਰਮੁੱਖ ਸਿੰਘ ਮੱਲ੍ਹਪੋਤਾ, ਸ. ਰਣਜੀਤ ਸਿੰਘ ਮਾਨ, ਸ੍ਰੀ ਜੋਗਾ ਰਾਮ ਅਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ । ਵਰਣਨਯੋਗ ਹੈ ਕਿ 40 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇਸ ਕੰਟਰੀਟ ਵਾਲੀ ਸੜਕ ਨਾਲ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ, ਹਸਪਤਾਲ ਢਾਹਾਂ ਕਲੇਰਾਂ ਨੂੰ ਆਣ ਵਾਲੇ ਮਰੀਜ਼ਾਂ ਨੂੰ ਅਤੇ ਇਲਾਕੇ ਦੇ ਲੋਕਾਂ ਨੂੰ ਆਵਾਜਾਈ ਵਿਚ ਵੱਡੀ ਸਹੂਲਤ ਮਿਲੇਗੀ।



**ਢਾਹਾਂ ਕਲੇਰਾਂ ਵਿਖੇ ਲਿੰਕ ਰੋਡ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਨ ਸਮੇਂ ਡਾ. ਸੁਖਵਿੰਦਰ ਕੁਮਾਰ ਸੁੱਖੀ ਚੇਅਰਮੈਨ ਪੰਜਾਬ ਸਟੇਟ ਕੰਟੇਨਰ ਐਂਡ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਟਰੱਸਟ।**

# ਸਖ਼ਤ ਸਜ਼ਾਵਾਂ ਬੇਅਦਬੀ ਦੇ ਅਪਰਾਧ ਖ਼ਤਮ ਕਰਨ ਦੀ ਗਾਰੰਟੀ ਨਹੀਂ - ਤਰਕਸ਼ੀਲ ਸੁਸਾਇਟੀ

**●ਉਮਰ ਕੈਦ ਦੀ ਸਜ਼ਾ ਦੀ ਤਜਵੀਜ਼ ਰੱਦ ਕਰਨ ਦੀ ਮੰਗ ●ਬੇਅਦਬੀ ਦੀਆਂ ਘਟਨਾਵਾਂ ਪਿੱਛੇ ਸਰਕਾਰਾਂ ਦੀ ਨਾਕਾਮੀ ਜ਼ਿੰਮੇਵਾਰ**

**ਬਰਨਾਲਾ ।** ਤਰਕਸ਼ੀਲ ਸੁਸਾਇਟੀ ਪੰਜਾਬ ਨੇ ਪੰਜਾਬ ਸਰਕਾਰ ਵੱਲੋਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਖ਼ਤ ਸਜ਼ਾ ਦੇਣ ਲਈ ਲਿਆਂਦੇ ਜਾ ਰਹੇ ਸਖ਼ਤ ਕਾਨੂੰਨ ਨੂੰ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮਾੜੇ ਅਮਨ ਕਾਨੂੰਨ ਦੇ ਹਾਲਾਤ ਸਮੇਤ ਆਪਣੀਆਂ ਨਾਕਾਮੀਆਂ ਛੁਪਾਉਣ ਅਤੇ ਆਮ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੀ ਮੌਕਾਪ੍ਰਸਤ ਫਿਰਕੂ ਸਿਆਸਤ ਕਰਾਰ ਦਿੰਦਿਆਂ ਇਸ ਕਾਨੂੰਨ ਤਹਿਤ ਉਮਰ ਕੈਦ ਦੀ ਸਖ਼ਤ ਸਜ਼ਾ ਦੇਣ ਦੀ ਤਜਵੀਜ਼ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਸੁਸਾਇਟੀ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਜਿੰਦਰ ਭਦੌੜ, ਹੇਮ ਰਾਜ ਸਟੈਨੋ, ਰਾਜਪਾਲ ਬਠਿੰਡਾ, ਜਸਵਿੰਦਰ ਫਗਵਾੜਾ, ਰਾਜੇਸ਼ ਅਕਲੀਆ, ਰਾਮ ਸਵਰਨ ਲੱਖੇਵਾਲੀ ਅਤੇ ਸੁਮੀਤ ਅੰਮ੍ਰਿਤਸਰ ਨੇ ਤਰਕਸ਼ੀਲ ਭਵਨ ਬਰਨਾਲਾ ਤੋਂ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਤਤਕਾਲੀ ਅਕਾਲੀ-ਭਾਜਪਾ, ਕਾਂਗਰਸ ਅਤੇ ਮੌਜੂਦਾ ਪੰਜਾਬ ਸਰਕਾਰ ਵੱਲੋਂ ਬੀਤੇ ਸਮੇਂ ਵਿੱਚ ਵਾਪਰੀਆਂ ਧਾਰਮਿਕ ਬੇਅਦਬੀਆਂ ਦੀਆਂ ਘਟਨਾਵਾਂ ਦੀ ਕੋਈ ਠੋਸ ਜਾਂਚ ਪੜਤਾਲ ਕਰਕੇ ਅਸਲ ਸੱਚਾਈ ਸਾਹਮਣੇ ਨਹੀਂ ਲਿਆਂਦੀ ਗਈ ਅਤੇ ਨਾ ਹੀ ਮੌਕੇ ਤੇ ਕਾਬੂ ਦੋਸ਼ੀਆਂ ਦੇ ਕਤਲ ਕਰਕੇ ਸਬੂਤ ਮਿਟਾਉਣ ਵਾਲਿਆਂ ਨੂੰ ਕੋਈ ਸਜ਼ਾ ਦਿਵਾਈ ਗਈ ਹੈ ਜੋ ਕਿ ਸਰਕਾਰ ਦੀ ਗ਼ੈਰ ਸੰਜੀਦਗੀ ਅਤੇ ਫਿਰਕੂ ਤਾਕਤਾਂ ਨਾਲ ਮਿਲੀਭੁਗਤ ਨੂੰ ਸਾਬਤ ਕਰਦਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕੰਮ ਕਰਦੇ ਕਾਰਨਾਂ ਅਤੇ ਫ਼ਿਰਕੂ ਤਾਕਤਾਂ ਦਾ ਪਰਦਾਫਾਸ਼ ਕਰਕੇ ਹੀ ਅਜਿਹੇ ਅਪਰਾਧਾਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ ਸਖ਼ਤ ਸਜ਼ਾਵਾਂ ਦੇ ਕੇ ਨਹੀਂ।

ਤਰਕਸ਼ੀਲ ਆਗੂਆਂ ਨੇ ਸਪੱਸ਼ਟ ਕੀਤਾ ਕਿ ਸਰਕਾਰਾਂ ਵੱਲੋਂ ਕੋਈ ਸਖ਼ਤ ਸਜ਼ਾ ਦੇਣ ਦਾ ਕਾਨੂੰਨ ਬਣਾ ਕੇ ਲਾਗੂ ਕਰਨਾ ਕਿਸੇ ਅਪਰਾਧ ਨੂੰ ਖਤਮ ਕਰਨ ਦੀ ਗਾਰੰਟੀ ਨਹੀਂ ਹੋ ਸਕਦਾ ਕਿਉਂਕਿ ਭਾਰਤੀ ਨਿਆਂ ਪ੍ਰਣਾਲੀ ਵਿੱਚ ਕਤਲ ਅਤੇ ਬਲਾਤਕਾਰ ਦੇ ਦੋਸ਼ੀਆਂ ਲਈ ਮੌਤ ਦੀ ਸਖ਼ਤ ਸਜ਼ਾ ਹੋਣ ਦੇ ਬਾਵਜੂਦ ਦੇਸ਼ ਵਿੱਚ ਕਤਲ ਅਤੇ ਬਲਾਤਕਾਰ ਦੇ ਅਪਰਾਧਾਂ ਵਿੱਚ ਕੋਈ ਕਮੀਂ ਨਹੀਂ ਆਈ ਉਲਟਾ ਸਗੋਂ ਵਾਧਾ ਹੋਇਆ ਹੈ। ਸੂਬਾ ਕਮੇਟੀ ਆਗੂਆਂ ਜਸਵੰਤ ਮੁਹਾਲੀ, ਸੁਖਵਿੰਦਰ ਬਾਗਪੁਰ,ਜੋਗਿੰਦਰ ਕੁੱਲੇਵਾਲ ਅਤੇ ਗੁਰਪ੍ਰੀਤ ਸ਼ਹਿਣਾ ਨੇ ਇਸ ਕਾਨੂੰਨ ਦੀ ਦੁਰਵਰਤੋਂ ਹੋਣ ਦਾ ਖਦਸ਼ਾ ਜਾਹਿਰ ਕਰਦਿਆਂ ਦੋਸ਼ ਲਾਇਆ ਕਿ ਜਿਵੇਂ ਸਾਮਰਾਜ ਪੱਖੀ ਹਕੂਮਤਾਂ ਵੱਲੋਂ ਯੂਏਪੀਏ ਅਤੇ ਐਨਐਸਏ ਵਰਗੇ ਲੋਕ ਵਿਰੋਧੀ ਸਖ਼ਤ ਕਾਨੂੰਨਾਂ ਦੀ ਆਪਣੇ ਸਿਆਸੀ ਅਤੇ ਵਿਚਾਰਧਾਰਕ ਵਿਰੋਧੀਆਂ ਦੇ ਖ਼ਿਲਾਫ਼ ਦੁਰਵਰਤੋਂ ਕਰਕੇ ਉਨ੍ਹਾਂ ਨੂੰ ਕਈ ਕਈ ਸਾਲਾਂ ਤੱਕ ਜੇਲ੍ਹਾਂ ਵਿੱਚ ਨਜ਼ਰਬੰਦ ਕੀਤਾ ਗਿਆ ਹੈ, ਉਵੇਂ ਹੀ ਧਾਰਮਿਕ ਬੇਅਦਬੀ ਵਿਰੋਧੀ ਕਾਨੂੰਨ ਹੇਠ ਸਿਆਸੀ ਵਿਰੋਧੀਆਂ ਅਤੇ ਵਿਗਿਆਨਕ ਸੋਚ ਦੇ ਧਾਰਨੀਆਂ ਨੂੰ ਧਾਰਮਿਕ ਬੇਅਦਬੀ ਦੇ ਝੂਠੇ ਕੇਸਾਂ ਵਿੱਚ ਫਸਾ ਕੇ ਉਨ੍ਹਾਂ ਦੀ ਜ਼ੁਬਾਨਬੰਦੀ ਕੀਤੀ ਜਾਵੇਗੀ। ਇਸ ਮੌਕੇ ਸੂਬਾ ਕਮੇਟੀ ਆਗੂਆਂ ਸੁਰਜੀਤ ਟਿੱਬਾ,ਮੋਹਨ ਬਡਲਾ,ਕੁਲਜੀਤ ਡੰਗਰਖੇੜਾ ਅਤੇ ਜੁਝਾਰ ਲੌਂਗੋਵਾਲ ਨੇ ਕਿਹਾ ਕਿ ਦੇਸ਼ ਵਿੱਚ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਨ ਦੇ ਨਤੀਜੇ ਵਜੋਂ ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ,ਖੁਦਕਸ਼ੀਆਂ, ਬਾਲ ਮਜ਼ਦੂਰੀ ਵਰਗੀਆਂ ਗੰਭੀਰ ਸਮੱਸਿਆਵਾਂ ਨੇ ਕਰੋੜਾਂ ਆਮ ਲੋਕਾਂ ਦੀ ਜ਼ਿੰਦਗੀ ਅਤੇ ਪਰਿਵਾਰ ਹੀ ਬਰਬਾਦ ਕਰ ਦਿੱਤੇ ਹਨ ਜਿਨ੍ਹਾਂ ਤੋਂ ਧਿਆਨ ਲਾਂਭੇ ਹਟਾਉਣ ਅਤੇ ਲੋਕਾਂ ਦੇ ਧਾਰਮਿਕ ਜਜ਼ਬਾਤ ਭੜਕਾਉਣ ਲਈ ਹੀ ਮੌਜੂਦਾ ਸਰਕਾਰ ਵੱਲੋਂ ਅਜਿਹੇ ਸਖ਼ਤ ਕਾਨੂੰਨ ਲਾਗੂ ਕੀਤੇ ਜਾ ਰਹੇ ਹਨ। ਤਰਕਸ਼ੀਲ ਆਗੂਆਂ ਨੇ ਅਜਿਹੇ ਫਾਸ਼ੀਵਾਦੀ ਕਾਨੂੰਨ ਅਤੇ ਸਖ਼ਤ ਸਜ਼ਾ ਦੀ ਤਜਵੀਜ਼ ਨੂੰ ਸੰਵਿਧਾਨ ਦੀ ਧਾਰਾ 51- ਏ (ਐਚ) ਦੀ ਉਲੰਘਣਾ ਅਤੇ ਅਗਾਂਹਵਧੂ ਸਮਾਜ ਅਤੇ ਨਾਗਰਿਕਾਂ ਦੇ ਜਮਹੂਰੀ ਹੱਕਾਂ ਦਾ ਵਿਰੋਧੀ ਦੱਸਦਿਆਂ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ।ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਕਾਨੂੰਨ ਦੇ ਖਰੜੇ ਵਿੱਚ ਸ਼ਾਮਿਲ " ਹੋਰ ਧਾਰਮਿਕ ਗ੍ਰੰਥਾਂ " ਦੇ ਨੁਕਤੇ ਬਾਰੇ ਸਪਸ਼ਟ ਵਿਆਖਿਆ ਕਰਨ ਦੀ ਵੀ ਮੰਗ ਕੀਤੀ ।



**ਸੁਮੀਤ ਅੰਮ੍ਰਿਤਸਰ**
**ਸੂਬਾਈ ਮੀਡੀਆ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**7696030173**

# ਸੇਫ ਸਕੂਲ ਵਾਹਨ ਸਕੀਮ ਤਹਿਤ ਸਕੂਲ ਬੱਸਾਂ ਦੀ ਕੀਤੀ ਗਈ ਚੰਗੀ ਤਰ੍ਹਾਂ ਜਾਂਚ, 3 ਬੱਸਾਂ ਦੇ ਕੀਤੇ ਚਲਾਨ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹੇ ਵਿਚ ਲਾਗੂ 'ਸੇਫ ਸਕੂਲ ਵਾਹਨ ਸਕੀਮ' ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਕੂਲੀ ਬੱਸਾਂ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਜਾ ਰਹੀ ਹੈ। ਇਸੇ ਲੜੀ ਵਿਚ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਐਸ.ਐਸ.ਪੀ ਸੰਦੀਪ ਮਲਿਕ ਦੇ ਨਿਰਦੇਸ਼ਾਂ 'ਤੇ ਰਿਜਨਲ ਟਰਾਂਸਪੋਰਟ ਅਫ਼ਸਰ (ਆਰ.ਟੀ.ਓ) ਅਮਨਦੀਪ ਕੌਰ ਘੁੰਮਣ ਅਤੇ ਸਹਾਇਕ ਟਰਾਂਸਪੋਰਟ ਅਫ਼ਸਰ ਸੰਦੀਪ ਭਾਰਤੀ ਦੀ ਅਗਵਾਈ ਵਿਚ ਟੀਮ ਨੇ ਤਿੰਨ ਸਕੂਲਾਂ ਦੀਆਂ ਕਰੀਬ 30 ਬੱਸਾਂ ਦੀ ਜਾਂਚ ਕੀਤੀ। ਇਸ ਦੌਰਾਨ ਪਾਇਆ ਗਿਆ ਕਿ ਕੁਝ ਬੱਸਾਂ ਸੇਫ ਸਕੂਲ ਵਾਹਨ ਸਕੀਮ ਤਹਿਤ ਦਿੱਤੀਆਂ ਗਈਆਂ ਹਦਾਇਤਾਂ ਦੀ ਉਲੰਘਣਾ ਕਰ ਰਹੀਆਂ ਸਨ। ਨਿਯਮਾਂ ਦੀ ਪਾਲਣਾ ਨਾ ਕਰਨ 'ਤੇ 3 ਬੱਸਾਂ ਦੇ ਚਲਾਨ ਕੀਤੇ ਗਏ। ਆਰ.ਟੀ.ਓ ਨੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਸਕੂਲਾਂ ਦੇ ਬੱਸ ਮਾਲਕਾਂ ਨੂੰ ਸਖ਼ਤ ਹਦਾਇਤਾਂ ਦੇਣ ਕਿ ਉਹ ਬੱਸਾਂ ਨਾਲ ਸਬੰਧਤ ਸਾਰੇ ਜ਼ਰੂਰੀ ਦਸਤਾਵੇਜ਼ ਜਿਵੇਂ ਕਿ ਫਿਟਨੈਸ ਸਰਟੀਫਿਕੇਟ, ਪ੍ਰਦੂਸ਼ਣ ਸਰਟੀਫਿਕੇਟ, ਇੰਸ਼ੋਰੈਂਸ ਆਦਿ ਆਪਣੇ ਕੋਲ ਰੱਖਣ ਅਤੇ ਸਮੇਂ-ਸਮੇਂ 'ਤੇ ਉਨ੍ਹਾਂ ਦਾ ਨਵੀਨੀਕਰਨ ਕਰਵਾਉਣ ਅਤੇ ਸੇਫ ਸਕੂਲ ਵਾਹਨ ਯੋਜਨਾ 2013 ਦੇ ਸਾਰੇ ਮਾਪਦੰਡਾਂ ਦੀ ਪਾਲਣਾ ਕਰਨ। ਅਮਨਦੀਪ ਕੌਰ ਘੁੰਮਣ ਨੇ ਸਪੱਸ਼ਟ ਕੀਤਾ ਕਿ ਸਕੂਲਾਂ ਦੇ ਪ੍ਰਿੰਸੀਪਲ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੇ ਸਕੂਲਾਂ ਨਾਲ ਜੁੜੀਆਂ ਸਾਰੀਆਂ ਬੱਸਾਂ ਨਿਯਮਾਂ ਦੀ ਪੂਰੀ ਪਾਲਣਾ ਵਿੱਚ ਚਲਾਈਆਂ ਜਾਣ। ਜੇਕਰ ਕੋਈ ਸਕੂਲ ਪੰਜਾਬ ਸਰਕਾਰ ਦੀ ਸੇਫ਼ ਸਕੂਲ ਵਾਹਨ ਸਕੀਮ ਦੀ ਉਲੰਘਣਾ ਕਰਦਾ ਹੈ, ਤਾਂ ਉਸ ਸਕੂਲ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਕੂਲੀ ਬੱਚਿਆਂ ਦੀ ਸੁਰੱਖਿਆ ਸਰਕਾਰ ਦੀ ਸਭ ਤੋਂ ਵੱਡੀ ਤਰਜ਼ੀਹ ਹੈ। ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਦਾ 5ਵਾਂ ਇਜਲਾਸ ਸਫਲਤਾਪੂਰਵਕ ਸੰਪੰਨ

●"ਰੇਲਵੇ ਵਿੱਚ ਨਿੱਜੀਕਰਨ ਕਿਸੇ ਵੀ ਕੀਮਤ 'ਤੇ ਬਰਦਾਸ਼ਸ਼ਤ ਨਹੀਂ": ਅਖਿਲੇਸ਼ ਪਾਂਡੇ● "ਮਜ਼ਦੂਰ ਅਤੇ ਕਰਮਚਾਰੀ ਵਿਰੋਧੀ ਚਾਰ ਕਿਰਤ ਕਾਨੂੰਨ ਕੋਡ ਸਰਕਾਰ ਤੁਰੰਤ ਪ੍ਰਭਾਵ ਨਾਲ ਰੱਦ ਕਰੇ" - ਰਾਜੀਵ ਡਿਮਰੀ












**ਕਪੂਰਥਲਾ ( ਕੌੜਾ)-** ਰੇਲ ਕੋਚ ਫੈਕਟਰੀ , ਕਪੂਰਥਲਾ ਵਿਖੇ 16 ਜੁਲਾਈ 2025 ਨੂੰ ਵਾਰਿਸ ਸ਼ਾਹ ਹਾਲ ਵਿੱਚ ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਦਾ 5ਵਾਂ ਇਜਲਾਸ ਸਫਲਤਾਪੂਰਵਕ ਸੰਪੰਨ ਹੋਇਆ। ਇਸ ਇਜਲਾਸ ਵਿੱਚ ਆਰ.ਸੀ.ਐਫ. ਦੇ ਕਰਮਚਾਰੀਆਂ ਅਤੇ ਵੱਖ-ਵੱਖ ਯੂਨੀਅਨਾਂ ਤੇ ਸੰਗਠਨਾਂ ਦੇ ਅਧਿਕਾਰੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ, ਜੋ ਕਿ ਕਿਰਤੀ ਏਕਤਾ ਅਤੇ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਰੇਲਵੇ ਕਰਮਚਾਰੀਆਂ ਨੂੰ ਦਰਪੇਸ਼ ਮੌਜੂਦਾ ਮੁੱਦਿਆਂ, ਚੁਣੌਤੀਆਂ ਅਤੇ ਉਨ੍ਹਾਂ ਦੇ ਹੱਲ ਬਾਰੇ ਵਿਸਥਾਰ ਨਾਲ ਚਰਚਾ ਕੀਤੀ।

ਇਸ ਗੌਰਵਮਈ ਇਜਲਾਸ ਵਿੱਚ ਮੁੱਖ ਮਹਿਮਾਨ ਵਜੋਂ ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ (ੀਓਢ) ਦੇ ਰਾਸ਼ਟਰੀ ਕਾਰਜਕਾਰੀ ਪ੍ਰਧਾਨ ਸ਼੍ਰੀ ਅਖਿਲੇਸ਼ ਪਾਂਡੇ, ਰਾਸ਼ਟਰੀ ਸੰਗਠਨ ਸਕੱਤਰ ਕਾਮ-ਰੇਡ ਜੁਮੇਰਦੀਨ, ਰਾਸ਼ਟਰੀ ਸਹਾਇਕ ਸਕੱਤਰ ਕਾਮਰੇਡ ਕ੍ਰਿਸ਼ਨ ਕੁਮਾਰ, ਅਤੇ ਆਲ ਇੰਡੀਆ ਸੈਂਟਰਲ ਕੌਂਸਲ ਆਫ਼ ਟਰੇਡ ਯੂਨੀਅਨਜ਼ (ਅਿਛਛਠੂ) ਦੇ ਰਾਸ਼ਟਰੀ ਜਨਰਲ ਸਕੱਤਰ ਕਾਮ-ਰੇਡ ਰਾਜੀਵ ਡਿਮਰੀ ਸਮੇਤ ਕਈ ਹੋਰ ਅਹੁਦੇਦਾਰ ਸਾਥੀ ਵੀ ਸ਼ਾਮਲ ਹੋਏ। ਉਨ੍ਹਾਂ ਦੀ ਮੌਜੂਦਗੀ ਨੇ ਇਜਲਾਸ ਨੂੰ ਹੋਰ ਵੀ ਬਲ ਪ੍ਰਦਾਨ ਕੀਤਾ।

ਸ਼੍ਰੀ ਅਖਿਲੇਸ਼ ਪਾਂਡੇ, ਰਾਸ਼ਟਰੀ ਕਾਰਜਕਾਰੀ ਪ੍ਰਧਾਨ, ੀਓਢ ਨੇ ਆਪਣੇ ਸੰਬੋਧਨ ਵਿੱਚ ਕਿਹਾ, "ਰੇਲਵੇ ਦੇਸ਼ ਦੀ ਰੀੜ੍ਹ ਦੀ ਹੱਡੀ ਹੈ, ਅਤੇ ਇਸਦੇ ਕਰਮਚਾਰੀ ਦੇਸ਼ ਦੀ ਸੇਵਾ ਵਿੱਚ ਦਿਨ-ਰਾਤ ਲੱਗੇ ਰਹਿੰਦੇ ਹਨ। ਬਦਕਿਸਮਤੀ ਨਾਲ, ਰੇਲਵੇ ਵਿੱਚ ਨਿੱਜੀਕਰਨ ਅਤੇ ਠੇਕੇਦਾਰੀ ਦੀ ਵਧਦੀ ਪ੍ਰਵਿਰਤੀ ਸਾਡੇ ਕਰਮਚਾਰੀਆਂ ਦੇ ਭਵਿੱਖ ਨੂੰ ਖ਼ਤਰੇ ਵਿੱਚ ਪਾ ਰਹੀ ਹੈ। ੀ ਆਈ ਆਰ ਈ ਐੱਫ ਇਨ੍ਹਾਂ ਨੀਤੀਆਂ ਦਾ ਜ਼ੋਰਦਾਰ ਵਿਰੋਧ ਕਰਦਾ ਹੈ ਅਤੇ ਆਪਣੇ ਮੈਂਬਰਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਸਾਨੂੰ ਰੇਲਵੇ ਅਤੇ ਇਸਦੇ ਕਰਮਚਾਰੀਆਂ ਦਾ ਭਵਿੱਖ ਸੁਰੱਖਿਅਤ ਰੱਖਣ ਲਈ ਇਨ੍ਹਾਂ ਚੁਣੌਤੀਆਂ ਦਾ ਇਕਜੁੱਟ ਹੋ ਕੇ ਸਾਹਮਣਾ ਕਰਨਾ ਪਵੇਗਾ।"

ਕਾਮਰੇਡ ਜੁਮੇਰਦੀਨ, ਰਾਸ਼ਟਰੀ ਸੰਗਠਨ ਸਕੱਤਰ, ੀਓਢ ਨੇ ਆਪਣੇ ਭਾਸ਼ਣ ਵਿੱਚ ਕਿਹਾ, "ਅੱਜ ਦੇ ਇਸ ਇਜਲਾਸ ਵਿੱਚ ਕਰਮਚਾਰੀਆਂ ਦੀ ਵੱਡੀ ਭਾਗੀਦਾਰੀ ਇਹ ਦਰਸਾਉਂਦੀ ਹੈ ਕਿ ਉਹ ਆਪਣੇ ਅਧਿਕਾਰਾਂ ਪ੍ਰਤੀ ਕਿੰਨੇ ਸੁਚੇਤ ਹਨ। ਸੰਗਠਨ ਦੀ ਮਜ਼ਬੂਤੀ ਹੀ ਸਾਡੀ ਅਸਲੀ ਤਾਕਤ ਹੈ। ਸਾਨੂੰ ਮਿਲ ਕੇ ਰੇਲਵੇ ਵਿੱਚ ਕਰਮਚਾਰੀਆਂ ਦੇ ਸ਼ੋਸ਼ਣ ਦੇ ਖਿਲਾਫ ਆਵਾਜ਼ ਉਠਾਉਣੀ ਪਵੇਗੀ ਅਤੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਉਨ੍ਹਾਂ ਨਾਲ ਨਿਆਂ ਹੋਵੇ। ਆਈ ਆਰ ਈ ਐੱਫ ਹਮੇਸ਼ਾ ਆਪਣੇ ਸਾਥੀਆਂ ਦੇ ਨਾਲ ਖੜ੍ਹਾ ਹੈ ਅਤੇ ਰਹੇਗਾ।" ਕਾਮਰੇਡ ਕ੍ਰਿਸ਼ਨ ਕੁਮਾਰ, ਰਾਸ਼ਟਰੀ ਸਹਾਇਕ ਸਕੱਤਰ, ਈ ਆਰ ਈ ਐੱਫ ਨੇ ਆਪਣੇ ਸੰਬੋਧਨ ਵਿੱਚ ਕਿਹਾ, "ਰੇਲਵੇ ਕਰਮਚਾਰੀ ਰਾਸ਼ਟਰ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਾਨੂੰ ਆਪਣੇ ਅਧਿਕਾਰਾਂ ਲਈ ਲਗਾਤਾਰ ਸੰਘਰਸ਼ ਕਰਨਾ ਪਵੇਗਾ ਅਤੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਸਾਡੀ ਮਿਹਨਤ ਦਾ ਉਚਿਤ ਸਨਮਾਨ ਮਿਲੇ। ਇਹ ਇਜਲਾਸ ਸਾਨੂੰ ਇੱਕ ਮਜ਼ਬੂਤ ਮੰਚ ਪ੍ਰਦਾਨ ਕਰਦਾ ਹੈ ਜਿੱਥੇ ਅਸੀਂ ਆਪਣੀ ਆਵਾਜ਼ ਬੁਲੰਦ ਕਰ ਸਕਦੇ ਹਾਂ ਅਤੇ ਆਪਣੇ ਭਵਿੱਖ ਨੂੰ ਸੁਰੱਖਿਅਤ ਕਰ ਸਕਦੇ ਹਾਂ।"

ਕਾਮਰੇਡ ਸਰਬਜੀਤ ਸਿੰਘ, ਰਾਸ਼ਟਰੀ ਜਨਰਲ ਸਕੱਤਰ, ਆਈ ਆਰ ਈ ਐੱਫ ਅਤੇ ਜਨਰਲ ਸਕੱਤਰ, ਆਰ ਸੀ ਐੱਫ ਇੰਪਲਾਈਜ਼ ਯੂਨੀਅਨ ਨੇ ਆਪਣੇ ਸੰਬੋਧਨ ਵਿੱਚ ਕਿਹਾ, "ਇਹ ਸਾਡੇ ਯੂਨੀਅਨ ਲਈ ਇੱਕ ਇਤਿਹਾਸਕ ਪਲ ਹੈ। ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਹਮੇਸ਼ਾ ਕਰਮਚਾਰੀਆਂ ਦੇ ਹੱਕ ਵਿੱਚ ਖੜ੍ਹਾ ਰਿਹਾ ਹੈ ਅਤੇ ਰਹੇਗਾ। ਅਸੀਂ ਇਕਜੁੱਟ ਹੋ ਕੇ ਕਈ ਲੜਾਈਆਂ ਜਿੱਤੀਆਂ ਹਨ ਅਤੇ ਭਵਿੱਖ ਵਿੱਚ ਵੀ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਹਾਂ। ਨਵੀਆਂ ਬਣਾਈਆਂ ਕੇਂਦਰੀ ਅਤੇ ਡਿਵੀਜ਼ਨ ਕਮੇਟੀਆਂ ਕਰਮਚਾਰੀਆਂ ਦੀਆਂ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਹਰ ਕਰਮਚਾਰੀ ਦੀ ਆਵਾਜ਼ ਸੁਣੀ ਜਾਵੇ।"

ਕਾਮਰੇਡ ਅਮਰੀਕ ਸਿੰਘ, ਪ੍ਰਧਾਨ, ਆਰ ਸੀ ਐੱਫ ਇੰਪਲਾਈਜ਼ ਯੂਨੀਅਨ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ, "ਮੈਂ ਇਸ 5ਵੇਂ ਇਜਲਾਸ ਵਿੱਚ ਆਪ ਸਭ ਸਾਥੀਆਂ ਦਾ ਹਾਰਦਿਕ ਸੁਆਗਤ ਕਰਦਾ ਹਾਂ। ਆਰ ਸੀ ਐੱਫ ਇੰਪਲਾਈਜ਼ ਯੂਨੀਅਨ ਨੇ ਹਮੇਸ਼ਾ ਕਰਮਚਾਰੀਆਂ ਦੇ ਹਿੱਤਾਂ ਨੂੰ ਸਰਵੋਪਰੀ ਰੱਖਿਆ ਹੈ। ਸਾਨੂੰ ਮਾਣ ਹੈ ਕਿ ਸਾਡੇ ਮੈਂਬਰ ਆਪਣੇ ਅਧਿਕਾਰਾਂ ਪ੍ਰਤੀ ਇੰਨੇ ਸੁਚੇਤ ਅਤੇ ਵਚਨਬੱਧ ਹਨ। ਇਹ ਇਜਲਾਸ ਸਾਨੂੰ ਇੱਕ ਨਵਾਂ ਸੰਕਲਪ ਲੈਣ ਅਤੇ ਭਵਿੱਖ ਦੀਆਂ ਚੁਣੌਤੀਆਂ ਦਾ ਮਿਲ ਕੇ ਸਾਹਮਣਾ ਕਰਨ ਦੀ ਪ੍ਰੇਰਨਾ ਦਿੰਦਾ ਹੈ। ਅਸੀਂ ਕਰਮਚਾਰੀਆਂ ਦੀ ਭਲਾਈ ਅਤੇ ਉਨ੍ਹਾਂ ਦੇ ਅਧਿਕਾਰਾਂ ਲਈ ਨਿਰੰਤਰ ਸੰਘਰਸ਼ ਕਰਦੇ ਰਹਾਂਗੇ।"

ਕਾਮਰੇਡ ਰਾਜੀਵ ਡਿਮਰੀ, ਰਾਸ਼ਟਰੀ ਜਨਰਲ ਸਕੱਤਰ,ਏ ਆਈ ਸੀ ਸੀ ਟੀ ਯੂ ਨੇ ਆਪਣੇ ਸੰਬੋਧਨ ਵਿੱਚ ਕਿਹਾ, "ਅੱਜ ਦੇਸ਼ ਵਿੱਚ ਕਿਰਤੀ ਵਰਗ 'ਤੇ ਚਾਰੇ ਪਾਸਿਓਂ ਹਮਲੇ ਹੋ ਰਹੇ ਹਨ। ਨਵੇਂ ਕਿਰਤ ਕਾਨੂੰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਕਿਰਤੀਆਂ ਦੇ ਅਧਿਕਾਰਾਂ ਨੂੰ ਕਮਜ਼ੋਰ ਕਰ ਰਹੀਆਂ ਹਨ। ਅਜਿਹੇ ਵਿੱਚ, ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਦਾ ਇਹ ਇਜਲਾਸ ਬੇਹੱਦ ਮਹੱਤਵਪੂਰਨ ਹੈ। ਇਹ ਇਕਜੁੱਟਤਾ ਹੀ ਸਾਨੂੰ ਇਨ੍ਹਾਂ ਹਮਲਿਆਂ ਦਾ ਸਾਹਮਣਾ ਕਰਨ ਅਤੇ ਆਪਣੇ ਅਧਿਕਾਰਾਂ ਦੀ ਰੱਖਿਆ ਕਰਨ ਦੀ ਸ਼ਕਤੀ ਦੇਵੇਗੀ। ਏ ਆਈ ਸੀ ਸੀ ਟੀ ਯੂ ਹਮੇਸ਼ਾ ਰੇਲਵੇ ਕਰਮਚਾਰੀਆਂ ਦੇ ਨਾਲ ਖੜ੍ਹਾ ਹੈ ਅਤੇ ਉਨ੍ਹਾਂ ਦੇ ਸੰਘਰਸ਼ ਵਿੱਚ ਹਰ ਸੰਭਵ ਸਹਾਇਤਾ ਦੇਵੇਗਾ।"

ਇਜਲਾਸ ਦੇ ਅੰਤ ਵਿੱਚ, ਕਾਮਰੇਡ ਪਰਮਜੀਤ ਸਿੰਘ ਖਾਲਸਾ, ਸਰਪ੍ਰਸਤ, ਆਰ ਸੀ ਐੱਫ ਇੰਪਲਾਈਜ਼ ਯੂਨੀਅਨ ਨੇ ਧੰਨਵਾਦ ਭਾਸ਼ਣ ਦਿੱਤਾ। ਉਨ੍ਹਾਂ ਨੇ ਸਾਰੇ ਹਾਜ਼ਰ ਪਤਵੰਤਿਆਂ, ਪ੍ਰਤੀਨਿਧੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਇਜਲਾਸ ਨੂੰ ਸਫਲ ਬਣਾਉਣ ਵਿੱਚ ਆਪਣਾ ਬਹੁਮੁੱਲਾ ਸਮਾਂ ਅਤੇ ਯੋਗਦਾਨ ਦਿੱਤਾ। ਉਨ੍ਹਾਂ ਨੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੀ ਇਕਜੁੱਟਤਾ ਅਤੇ ਸਹਿਯੋਗ ਦੀ ਉਮੀਦ ਜਤਾਈ ਤਾਂ ਜੋ ਕਿਰਤੀਆਂ ਦੇ ਅਧਿਕਾਰਾਂ ਦੀ ਲੜਾਈ ਨੂੰ ਹੋਰ ਮਜ਼ਬੂਤੀ ਮਿਲ ਸਕੇ।

ਇਸ ਇਜਲਾਸ ਦਾ ਇੱਕ ਮਹੱਤਵਪੂਰਨ ਬਿੰਦੂ ਨਵੀਂ ਕੇਂਦਰੀ ਕਮੇਟੀ , ਕਾਰਜ ਕਮੇਟੀ ਅਤੇ ਡਿਵੀਜ਼ਨ ਕਮੇਟੀ ਦਾ ਗਠਨ ਰਿਹਾ। ਇਨ੍ਹਾਂ ਕਮੇਟੀਆਂ ਦਾ ਗਠਨ ਸਰਬਸੰਮਤੀ ਨਾਲ ਕੀਤਾ ਗਿਆ, ਜਿਸ ਵਿੱਚ ਤਜਰਬੇਕਾਰ ਮੈਂਬਰਾਂ ਦੇ ਨਾਲ-ਨਾਲ ਨੌਜਵਾਨ ਕਾਰਕੁਨਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਕਮੇਟੀਆਂ ਦਾ ਮੁੱਖ ਕੰਮ ਭਵਿੱਖ ਵਿੱਚ ਯੂਨੀਅਨ ਦੀਆਂ ਗਤੀਵਿਧੀਆਂ ਦਾ ਸੰਚਾਲਨ ਕਰਨਾ, ਕਰਮਚਾਰੀਆਂ ਦੀਆਂ ਸਮੱਸਿਆਵਾਂ ਨੂੰ ਸੁਣਨਾ ਅਤੇ ਉਨ੍ਹਾਂ ਦੇ ਹੱਲ ਲਈ ਕੋਸ਼ਿਸ਼ ਕਰਨਾ ਹੋਵੇਗਾ।

ਯੂਨੀਅਨ ਦੇ ਪ੍ਰਤੀਨਿਧੀਆਂ ਨੇ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ, ਬਿਹਤਰ ਕੰਮਕਾਜੀ ਹਾਲਾਤਾਂ ਅਤੇ ਉਚਿਤ ਤਨਖਾਹ ਯਕੀਨੀ ਬਣਾਉਣ ਦੀ ਆਪਣੀ ਵਚਨਬੱਧਤਾ ਦੁਹਰਾਈ। ਇਜਲਾਸ ਵਿੱਚ ਇਹ ਵੀ ਸੰਕਲਪ ਲਿਆ ਗਿਆ ਕਿ ਰੇਲਵੇ ਕਰਮਚਾਰੀਆਂ ਦੇ ਅਧਿਕਾਰਾਂ ਲਈ ਸੰਘਰਸ਼ ਜਾਰੀ ਰਹੇਗਾ ਅਤੇ ਉਨ੍ਹਾਂ ਦੀਆਂ ਮੰਗਾਂ ਅਤੇ ਰੇਲਵੇ ਵਿੱਚ ਨਵੀਆਂ ਭਰਤੀਆਂ ਦੀ ਮੰਗ ਨੂੰ ਸਰਕਾਰ ਅਤੇ ਸਬੰਧਤ ਅਧਿਕਾਰੀਆਂ ਤੱਕ ਪਹੁੰਚਾਇਆ ਜਾਵੇਗਾ।

ਪ੍ਰੋਗਰਾਮ ਵਿੱਚ ਹਾਜ਼ਰ ਸਾਰੇ ਨੇਤਾਵਾਂ ਅਤੇ ਮੈਂਬਰਾਂ ਨੇ 'ਇਨ-ਕਲਾਬ ਜ਼ਿੰਦਾਬਾਦ' ਅਤੇ 'ਵਰਕਰ ਯੂਨਿਟੀ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਆਪਣੀ ਇਕਜੁੱਟਤਾ ਪ੍ਰਦਰਸ਼ਿਤ ਕੀਤੀ। ਇਹ ਇਜਲਾਸ ਨਾ ਸਿਰਫ ਕਰਮਚਾਰੀਆਂ ਨੂੰ ਇਕਜੁੱਟ ਕਰਨ ਵਿੱਚ ਸਫਲ ਰਿਹਾ, ਸਗੋਂ ਇਸਨੇ ਯੂਨੀਅਨ ਦੇ ਭਵਿੱਖ ਲਈ ਇੱਕ ਸਪੱਸ਼ਟ ਦਿਸ਼ਾ ਵੀ ਪ੍ਰਦਾਨ ਕੀਤੀ।

ਇਸ ਇਜਲਾਸ ਵਿੱਚ ਆਰ.ਸੀ.ਐਫ. ਦੇ ਕਈ ਅਹੁਦੇਦਾਰ ਜਿਵੇਂ ਪ੍ਰਧਾਨ ਦਰਸ਼ਨ ਲਾਲ, ਸੰਗਠਨ ਸਕੱਤਰ ਭਾਰਤ ਰਾਜ, ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਬਾਜਵਾ, ਜਸਪਾਲ ਸਿੰਘ ਸੇਖੋਂ, ਕੈਸ਼ੀਅਰ ਹਰਵਿੰਦਰ ਪਾਲ, ਅਵਿਤਰ ਸਿੰਘ, ਨਰਿੰਦਰ ਕੁਮਾਰ, ਜਗਤਾਰ ਸਿੰਘ, ਬਲਦੇਵ ਰਾਜ, ਤਲਵਿੰਦਰ ਸਿੰਘ, ਤ੍ਰਿਲੋਚਨ ਸਿੰਘ, ਅਰਵਿੰਦ ਕੁਮਾਰ ਸ਼ਾਹ, ਸੰਜੀਵ ਕੁਮਾਰ, ਸਰਬਜੀਤ ਸਿੰਘ, ਨਿਰਮਲ ਸਿੰਘ, ਬਲਜਿੰਦਰ ਪਾਲ, ਚੰਦਰਭਾਨ, ਅਵਤਾਰ ਸਿੰਘ, ਅਸ਼ਵਨੀ ਕੁਮਾਰ, ਗੁਰਵਿੰਦਰ ਸਿੰਘ, ਹਰਪ੍ਰੀਤ ਸਿੰਘ, ਪੰਕਜ ਕੁਮਾਰ, ਸਾਕਤ ਕੁਮਾਰ, ਸੰਜੇ ਕੁਮਾਰ, ਜਗਦੀਪ ਸਿੰਘ, ਜਗਜੀਤ ਸਿੰਘ, ਸ਼ਿਵਰਾਜ ਮੀਣਾ, ਲੱਕੀ ਭਾਟੀਆ, ਗੁਰਜਿੰਦਰ ਸਿੰਘ, ਹਰਜਿੰਦਰ ਸਿੰਘ, ਅਨਿਲ ਕੁਮਾਰ, ਗੁਰਜੀਤ ਕਲਸੀ, ਸੰਦੀਪ ਸਿੰਘ, ਨਵੀਨ ਕੁਮਾਰ, ਜੈਪ੍ਰਕਾਸ਼ ਗੁਪਤਾ, ਸ਼ਿਵਚੰਦਰ ਲਾਲ, ਵਰਿੰਦਰ, ਸਿਮਰਨ, ਰਘੁਵੀਰ ਸਿੰਘ, ਰਾਜਿੰਦਰ ਕੁਮਾਰ, ਸੁਰਿੰਦਰ ਕੁਮਾਰ, ਬੁਟਾਰਾਮ, ਸੋਨੂ ਕੁਮਾਰ, ਬ੍ਰਿਜੇਸ਼ ਕੁਮਾਰ, ਪ੍ਰਭਜੋਤ ਸਿੰਘ, ਰਮਨਦੀਪ ਸਿੰਘ, ਮੰਨੂ ਕੁਮਾਰ, ਮੇਘਨਾਥ ਪਾਸਵਾਨ, ਭਾਨ ਸਿੰਘ, ਹਰੀਓਮ ਮੀਨਾ, ਪਰਮਪਾਲ ਆਦਿ ਸ਼ਾਮਲ ਹੋਏ।

# ਯੁੱਧ ਨਸ਼ਿਆਂ ਵਿਰੁੱਧ ਅਧਿਆਪਕਾਂ ਦਾ ਦੋ ਰੋਜ਼ਾ ਜਾਗਰੂਕਤਾ ਸੈਮੀਨਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਦੀ ਅਗਵਾਈ ਹੇਠ ਸੰਪਨ

**ਸ੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)** ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਸਬੰਧੀ ਸਿੱਖਿਆ ਵਿਭਾਗ, ਜਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਜਸਪਾਲ ਮੋਂਗਾ ਜੀ। ਉੱਪ ਜ਼ਿਲ੍ਹਾ ਸਿੱਖਿਆ ਅਫਸਰ ਵੀ ਰਜਿੰਦਰ ਕੁਮਾਰ ਸੋਨੀ ਜੀ, ਡਾਈਟ ਪ੍ਰਿੰਸੀਪਲ ਸ੍ਰੀ ਸੰਜੀਵ ਕੁਮਾਰ ਸੀ ਅਤੇ ਅਕਾਦਮਿਕ ਸਹਾਇਤਾ ਗਰੁਪ ਡੀ.ਆਰ. ਸੀ. ਸ. ਗੁਰਮੇਲ ਸਿੰਘ ਸਾਗੂ , ਅਤੇ ਮ ਮੈਡਮ ਡਾ. ਦੀਪਿਕਾ ਗਰਗ ਜੀ ਦੀ ਅਗਵਾਈ ਅਤੇ ਦਿਸ਼ਾ ਨਿਰਦੇਸ਼ਾ ਹੇਠ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਨਸ਼ਾ ਵਿਰੋਧੀ ਜਾਗਰੂਕਤਾ ਟਰੇਨਿੰਗਾਂ ਦਾ ਆਯੋਜਨ ਕੀਤਾ ਗਿਆ ਤਾਂ ਜੋ ਅਧਿਆਪਕ ਿਵਿਦਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੁਕ ਕਰਕੇ ਨਸ਼ਿਆਂ ਤੋਂ ਬਚਾ ਸਕਣ।ਇਸ ਸਬੰਧ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਸ਼੍ਰੀ ਮੁਕਤਸਰ ਸਾਹਿਬ,ਸਸਸਸ (ਕੁ) ਮਲੋਟ, ਸਸਸਸ (ਮੁ) ਅਬੁਲ ਖੁਰਾਣਾ, ਸਸਸਸ (ਕੁ) ਗਿੱਦੜਬਾਹਾ ਵਿਖੇ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਬਲਾਕਾ ਦੇ ਸਾਰੇ ਸਕੂਲਾਂ ਦੇ ਅਧਿਆਪਕਾਂ ਦਾ ਦੋ ਦਿਨਾ ਟਰੇਨਿੰਗ ਸੈਮੀਨਾਰ ਲਗਾਇਆ ਗਿਆ ।

ਇਸ ਸੈਮੀ ਨਾਰ ਸਬੰਧੀ ਜਾਣਕਾਰੀ ਦਿੰਦੇ ਹੋਏ ਜਿਲ੍ਹਾ ਰਿਸੋਰਸ ਪਰਸਨ ਸਰਦਾਰ ਗੁਰਮੇਲ ਸਿੰਘ ਸਾਗੂ ਜੀ ਨੇ ਦੱਸਿਆ ਕਿ ਇਸ ਵਿੱਚ ਜਿਲਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੌਗਾ ਜੀ ਨੇ ਸ਼ਮੂਲੀਅਤ ਕਰਦੇ ਹੋਏ ਅਧਿਆਪਕਾਂ ਨੂੰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ,ਉਪ ਜਿਲਾ ਸਿੱਖਿਆ ਅਫਸਰ ਸ੍ਰੀ ਰਜਿੰਦਰ ਕੁਮਾਰ ਸੋਨੀ ਜੀ ਨੇ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਪੁਰਜੋਰ ਹੰਭਲਾ ਮਾਰਨ ਲਈ ਅਧਿਆਪਕਾਂ ਨੂੰ ਅਪੀਲ ਕੀਤੀ। ਜਸਵਿੰਦਰ ਪਾਲ ਸ਼ਰਮਾ ਨੂੰ

ਸ੍ਰੀ ਗੁਰਮੇਲ ਸਾਗੂ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਟ੍ਰੇਨਿੰਗ ਪ੍ਰੋਗਰਾਮਾਂ ਵਿੱਚ ਪ੍ਰਿੰਸੀਪਲ ਸ਼੍ਰੀ ਸੁਭਾਸ਼ ਝਾਂਬ, ਸ਼੍ਰੀਮਤੀ ਬਿਮਲਾ ਰਾਣੀ, ਸ. ਗੁਰਬਿੰਦਰਪਾਲ ਸਿੰਘ ਦਾ ਵਿਸ਼ੇਸ਼ ਯੋਗਦਾਨ ਅਤੇ ਅਗਵਾਈ ਰਹੀ ਉੱਥੇ ਹੀ ਜਿਲ੍ਹੇ ਦੇ ਬਲਾਕ ਰਿਸੋਰਸ ਪਰਸਨ ਵਰਿੰਦਰਜੀਤ ਬਿੱਟਾ, ਮਨਪ੍ਰੀਤ ਬੇਦੀ ,ਦਵਿੰਦਰ ਸਿੰਘ, ਰਾਹੁਲ ਗੋਇਲ , ਰੁਪਿੰਦਰ ਸਿੰਘ, ਸ੍ਰੀ ਰਾਜਿੰਦਰ ਮੋਹਨ ਅਜੇ ਗਰੋਵਰ ,ਮਹਿਮਾ ਸਿੰਘ ,ਗੁਰਦੀਪ ਸਿੰਘ, ਕਮਲ ਜੀਤ ਸਿੰਘ , ਜਗਸੀਰ ਸਿੰਘ ਅਤੇ ਜਗਜੀਤ ਸਿੰਘ ਨੇ ਜ਼ਿਲੇ ਦੇ ਵੱਖ ਵੱਖ ਟ੍ਰੇਨਿੰਗ ਸਿਖਲਾਈ ਸੈਮੀਨਾਰਾਂ ਵਿੱਚ ਜ਼ਿਲ੍ਹੇ ਦੇ ਅਧਿਆਪਕਾਂ ਨਾਲ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਨਸ਼ਾ ਪੀੜਤ ਦੇ ਪ੍ਰੀਵਾਰ ਅਤੇ ਸਮਾਜ ਤੇ ਪੈਣ ਵਾਲੇ ਭਵਿੱਖ ਦੇ ਅਸਰਾਂ ਸਬੰਧੀ ਵਿਸਤਾਰ ਪੂਰਵਕ ਚਰਚਾ ਕੀਤੀ। ਪ੍ਰੋਜੈਕਟਰ ਦੀ ਮੱਦਦ ਨਾਲ ਚਿੱਟਾ ਛੱਡਣ ਉਪਰੰਤ ਮੁੱਖ ਧਾਰਾ ਵਿੱਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਦੀ ਆਪ ਬੀਤੀ ਵੀ ਅਧਿਆਪਕਾਂ ਨਾਲ਼ ਸਾਂਝੀ ਕੀਤੀ ਗਈ।





ਇਹਨਾ ਸੈਮੀਨਾਰਾਂ ਵਿਚ ਡਾ ਸੁਨੀਲ ਬਾਂਸਲ ਜਿਲ੍ਹਾ ਟੀਕਾਕਰਨ ਅਫਸਰ, ਡਾ ਰਿਸ਼ੀ ਮੈਡੀਕਲ ਅਫਸਰ, ਸੁਖਮੰਦਰ ਸਿੰਘ ਜਿਲ੍ਹਾ ਮਾਸ ਮੀਡੀਆ ਅਫਸਰ ਅਤੇ ਪਰਵਿੰਦਰ ਸਿੰਘ ਸਾਇਕਾਲੋਜਿਸਟ ਸ਼ਾਮਿਲ ਹੋਏ ਅਤੇ ਅਧਿਆਪਕਾਂ ਨੂੰ ਨਸ਼ਿਆਂ ਬਾਰੇ ਅਤੇ ਨਸ਼ਾ ਵਿਰੋਧੀ ਮੁਹਿੰਮ ਬਾਰੇ ਜਾਣਕਾਰੀ ਦਿੱਤੀ ।ਇਸ ਮੌਕੇ ਡਾ ਸੁਨੀਲ ਬਾਂਸਲ ਕਿਹਾ ਕਿ ਸਿਹਤ ਵਿਭਾਗ ਵੱਲੋਂ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ,ਮਲੋਟ, ਗਿੱਦੜਬਾਹਾ, ਅਤੇ ਬਾਦਲ ਵਿਖੇ ਨਸ਼ਾ ਛੁਡਾਉ ਕੇਂਦਰ ਸਥਾਪਤ ਕੀਤੇ ਗਏ ਹਨ,ਜਿੱਥੇ ਕਿ ਨਸ਼ਾ ਪੀੜਤ ਵਿਅਕਤੀਆਂ ਨੂੰ ਦਾਖਲ ਕਰਕੇ ਮਾਹਿਰ ਡਾਕਟਰਾਂ ਦੀ ਨਿਗਰਾਨੀ ਵਿਚ ਬਿਨਾ ਤਕਲੀਫ ਤੋਂ ਅਤੇ ਬਿਲਕੁਲ ਮੁਫਤ ਨਸ਼ਾ ਛੁਡਵਾਇਆ ਜਾਂਦਾ ਹੈ ।ਉਨ੍ਹਾ ਕਿਹਾ ਕਿ ਨਸ਼ਾ ਛੱਡਣ ਤੋਂ ਬਾਦ ਕੋਈ ਵੀ ਵਿਅਕਤੀ ਪੁਨਰਵਾਸ ਕੇਂਦਰ ਥੇਹੜੀ ਵਿਖੇ ਦਾਖਲ ਹੋ ਸਕਦਾ ਹੈ, ਜਿੱਥੇ ਕੇ ਉਸਨੂੰ ਲੋੜੀਂਦੀ ਮੈਡੀਕਲ ਸਹਾਇਤਾ ਦੇ ਨਾਲ ਖਾਣਾ ਵੀ ਬਿਲਕੁਲ ਮੁਫਤ ਦਿੱਤਾ ਜਾਂਦਾ ਹੈ ਅਤੇ 2 ਤੋਂ 6 ਮਹੀਨੇ ਤੱਕ ਵਿਅਕਤੀ ਇੱਥੇ ਰਹਿ ਸਕਦਾ ਹੈ, ਜਿੱਥੇ ਕੇ ਮਾਹਿਰ ਕੌਂਸਲਰਾਂ ਵਲੋਂ ਉਨ੍ਹਾ ਦੀ ਰੋਜਾਨਾ ਕਾਉਂਸਲਿੰਗ ਕੀਤੀ ਜਾਂਦੀ ਹੈ ਤਾਂ ਜੋ ਉਹ ਦੁਬਾਰਾ ਨਸ਼ਾ ਨਾ ਕਰਨ।ਉਹਨਾਂ ਕਿਹਾ ਕਿ ਜਿਲ੍ਹੇ ਵਿੱਚ ਨਸ਼ਾ ਰੋਗੀਆਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾ ਅਧਿਆਪਕਾਂ ਨੂੰ ਕਿਹਾ ਕਿ ਿਵਿਦਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਸਬੰਧੀ ਲਗਾਤਾਰ ਜਾਗਰੁਕ ਕੀਤਾ ਜਾਵੇ ਤਾਂ ਜੋ ਉਨ੍ਹਾ ਦਾ ਨਸ਼ਿਆਂ ਵੱਲ ਝੁਕਾਅ ਨਾ ਹੋਵੇ।

ਇਸ ਮੌਕੇ ਸੁਖਮੰਦਰ ਸਿੰਘ ਜਿਲ੍ਹਾ ਮਾਸ ਮੀਡੀਆ ਅਫਸਰ ਨੇ ਦੱਸਿਆ ਕਿ ਮਾਹਿਰ ਡਾਕਟਰ ਦੀ ਸਹਾਇਤਾ ਨਾਲ ਕੋਈ ਵਿਅਕਤੀ ਕਿੰਨ੍ਹਾ ਵੀ ਨਸ਼ਾ ਕਰਦਾ ਹੋਵੇ,ਬਿਨਾ ਤਕਲੀਫ ਤੋਂ ਨਸ਼ਾ ਛੱਡ ਸਕਦਾ ਹੈ।ਉਨ੍ਹਾ ਕਿਹਾ ਕਿ ਉਹ ਨਸ਼ਾ ਪੀੜਤ ਵਿਅਕਤੀਆਂ ਨੂੰ ਨਸ਼ਾ ਛੁਡਾਉ ਕੇਂਦਰਾਂ ਵਿਚ ਲਿਆ ਕੇ ਨਸ਼ਾ ਛੱਡਣ ਲਈ ਪ੍ਰੇਰਿਤ ਕਰਨ ਅਤੇ ਸਿਹਤ ਵਿਭਾਗ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਲਾਭ ਉਠਾਉਣ।ਉਨ੍ਹਾ ਕਿਹਾ ਕਿ ਜਿਹੜੇ ਵਿਅਕਤੀ ਆਪਣੀਆਂ ਰੋਜਾਨਾ ਦੀਆਂ ਜਿੰਮੇਵਾਰੀਆਂ ਕਾਰਨ ਹਸਪਤਾਲਾਂ ਵਿਚ ਦਾਖਲ ਹੋ ਕੇ ਨਸ਼ਾ ਨਹੀ ਛੱਡ ਸਕਦੇ ਉਨ੍ਹਾ ਲਈ ਸਿਹਤ ਵਿਭਾਗ ਵਲੋਂ ਜਿਲ੍ਹੇ ਵਿਚ 19 ਓਟ ਸੈਂਟਰ ਖੋਲੇ ਗਏ ਹਨ ਜਿੱਥੇ ਕੇ ਨਸ਼ਾ ਪੀੜਤ ਵਿਅਕਤੀਆਂ ਨੂੰ ਬਿਨਾ ਦਾਖਲ ਕੀਤੇ ਨਸ਼ਾ ਛੱਡਣ ਲਈ ਮੁਫਤ ਦਵਾਈ ਦਿੱਤੀ ਜਾਂਦੀ ਹੈ ।ਉਨ੍ਹਾ ਅਪੀਲ ਕੀਤੀ ਕਿ ਜੇਕਰ ਸਮਾਜ ਵਿਚ ਕੋਈ ਨਸ਼ਾ ਵੇਚਦਾ ਹੈ ਤਾਂ ਉਸਦੀ ਸੂਚਨਾ ਪੰਜਾਬ ਸਰਕਾਰ ਨੂੰ 9779100200 ਨੰਬਰ ਤੇ ਕਾਲ ਕਰਕੇ ਜਾਂ ਵੱਟਸਅੱਪ ਰਾਹੀਂ ਦਿੱਤੀ ਜਾ ਸਕਦੀ ਹੈ ਜਿੱਥੇ ਕਿ ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਂਦਾ ਹੈ ਅਤੇ ਨਸ਼ਾ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਂਦੀ ਹੈ।ਉਨ੍ਹਾ ਅਪੀਲ ਕੀਤੀ ਕਿ "ਯੁੱਧ ਨਸ਼ਿਆਂ ਵਿਰੁੱਧ" ਦਾ ਹਿੱਸਾ ਬਣਕੇ ਸਮਾਜ ਨੂੰ ਨਸ਼ਾ ਮੁਕਤ ਕਰਨ ਲਈ ਸਾਰੇ ਆਪਣਾ ਯੋਗਦਾਨ ਪਾਈਏ।

# ਪੰਜਾਬ ਵਿਧਾਨ ਸਭਾ ਵਿੱਚ ਸਮਰਸਤਾ ਦੀ ਭਾਵਨਾ ਦਾ ਹੋਇਆ ਕਤਲ, ਰਾਜਨੀਤਿਕ ਪਾਰਟੀਆਂ ਦੋਸ਼ੀ : ਤਲਵਾੜ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਪੰਜਾਬ ਵਿਧਾਨ ਸਭਾ ਦੇ ਅੰਦਰ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਬਿੱਲ "ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਐਕਟ, 2025" ਵਿੱਚ ਗੁਰੂ ਰਵਿਦਾਸ ਜੀ ਦੀ ਮੂਰਤੀ ਅਤੇ ਪਵਿੱਤਰ ਗ੍ਰੰਥ ਅੰਮ੍ਰਿਤਵਾਣੀ, ਭਗਵਾਨ ਵਾਲਮੀਕੀ ਜੀ ਦੀ ਮੂਰਤੀ, ਸਤਿਗੁਰੂ ਕਬੀਰ ਜੀ ਦੀ ਮੂਰਤੀ ਅਤੇ ਸੰਤ ਨਾਭਾ ਦਾਸ ਜੀ ਦੀ ਮੂਰਤੀ ਅਤੇ ਸਵਿਧਾਨ ਦੇ ਰਚੇਤਾ ਡਾ ਭੀਮ ਰਾਉ ਅੰਬੇਡਕਰ ਜੀ ਦੀਆਂ ਮੂਰਤੀਆ ਦੀ ਬੇਅਦਬੀ ਦੀ ਸਜ਼ਾ ਦਾ ਪ੍ਰਾਵਧਾਨ ਨਾ ਰੱਖ ਕੇ ਗੁਰੂਆਂ ਦੁਆਰਾ ਦਿੱਤੀ ਗਈ ਸਮਰਸਤਾ ਦੀ ਸਿੱਖਿਆ ਦਾ ਕਤਲ ਕੀਤਾ ਗਿਆ ਹੈ ਇਹ ਦਲਿਤ ਸਮਾਜ ਪ੍ਰਤੀ ਨਫ਼ਰਤ ਭਰੀ ਮਾਨਸਿਕਤਾ ਵੀ ਦਰਸਾਉਂਦਾ ਹੈ ।



ਉਪਰੋਕਤ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਸੰਜੀਵ ਤਲਵਾੜ ਨੇ ਅੱਜ ਸਰਕਾਰ ਦੁਆਰਾ ਪੇਸ਼ ਕੀਤੇ ਗਏ ਬਿੱਲ ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਹੇ। ਉਹਨਾਂ ਕਿਹਾ ਆਮ ਆਦਮੀ ਪਾਰਟੀ ਦੀ ਦਲਿਤ-ਵਿਰੋਧੀ ਮਾਨਸਿਕਤਾ ਮਾਰਚ 2022 ਵਿੱਚ ਹੀ ਸਾਹ-ਮਣੇ ਆ ਗਈ ਸੀ। ਪੰਜਾਬ ਦੀ ਲੱਗਭਗ 31% ਦਲਿਤ ਆਬਾਦੀ ਦੇ ਵੋਟਾਂ ਲਈ ਅਰਵਿੰਦ ਕੇਜਰੀਵਾਲ ਨੇ ਚੋਣਾਂ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਜੇਕਰ ਪੰਜਾਬ ਵਿੱਚ ਸਰਕਾਰ ਬਣੀ ਤਾਂ ਉਪ-ਮੁੱਖ ਮੰਤਰੀ ਦਲਿਤ ਸਮਾਜ ਵਿੱਚੋਂ ਹੋਵੇਗਾ, ਪਰ ਸਰਕਾਰ ਬਣਨ ਤੋਂ ਬਾਅਦ ਉਹਨਾਂ ਨੇ ਇਹ ਵਾਅਦਾ ਪੂਰਾ ਨਹੀਂ ਕੀਤਾ। ਸਾਡੇ ਤਿੰਨ ਸਾਲ ਬੀਤ ਗਏ, ਪਰ ਅਜੇ ਤੱਕ ਕੋਈ ਦਲਿਤ ਉਪ-ਮੁੱਖ ਮੰਤਰੀ ਨਹੀਂ ਬਣਾਇਆ ਗਿਆ। ਤਲਵਾੜ ਨੇ ਕਿਹਾ ਇਹ ਹੀ ਨਹੀਂ ਵਿਧਾਨ ਸਭਾ ਦੇ ਅੰਦਰ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਨੇ ਬਿੱਲ ਵਿੱਚ ਇਹਨਾਂ ਸਾਰੀਆਂ ਕਮੀਆਂ ਦੇ ਹੁੰਦੇ ਹੋਏ ਵੀ ਬਿੱਲ ਦਾ ਸਮਰਥਨ ਕੀਤਾ ਇਸ ਨਾਲ ਇਹ ਵੀ ਸਿੱਧ ਹੋ ਜਾਂਦਾ ਹੈ ਕਿ ਇਹਨਾਂ ਬੁਲਾਰਿਆਂ ਦੀ ਮਾਨਸਿਕਤਾ ਪੰਜਾਬ ਵਿਰੋਧੀ ਅਤੇ ਦਲਿਤ ਵਿਰੋਧੀ ਹੈ ਉਹਨਾਂ ਕਿਹਾ ਦਲਿਤਾਂ ਦੇ ਨਾਮ ਤੇ ਵੋਟਾਂ ਮੰਗਣ ਵਾਲੀਆਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੇ ਇਸ ਬਿੱਲ ਵਿੱਚ ਇੰਨੀ ਵੱਡੀ ਖਾਮੀ ਨੂੰ ਉਜਾਗਰ ਨਾ ਕਰਕੇ ਸਮਰਸਤਾ ਦੇ ਖਿਲਾਫ ਆਪਣੀ ਮਾਨਸਿਕਤਾ ਦਾ ਸਬੂਤ ਦਿੱਤਾ ਹੈ ।

ਅੱਜ ਦੀ ਉਦਾਹਰਣਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਕੇਜਰੀਵਾਲ, ਭਗਵੰਤ ਮਾਨ ਅਤੇ ਉਹਨਾਂ ਦੀ ਪੂਰੀ ਕੈਬਨਿਟ ਤੇ ਬਾਕੀ ਹਾਜ਼ਿਰ ਨੁਮਾਇੰਦੇ ਦਲਿਤ-ਵਿਰੋਧੀ ਮਾਨਸਿਕਤਾ ਰੱਖਦੇ ਹਨ ਇਸ ਲਈ ਵਿਧਾਨਸਭਾ ਵਿੱਚ ਪੇਸ਼ ਕਰਦੇ ਸਮੇਂ "ਪੰਜਾਬ ਦੇ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਐਕਟ 2025" ਵਿੱਚ ਰਵਿਦਾਸੀਆ ਸਮਾਜ, ਵਾਲਮੀਕੀ ਸਮਾਜ,ਸਤਿਗੁਰੂ ਕਬੀਰ ਪੰਥ ਅਤੇ ਮਹਾਸ਼ਾ ਸਮੁਦਾਇ ਦੇ ਭਗਵਾਨਾਂ ਅਤੇ ਸੰਤਾਂ ਦੀ ਬੇਅਦਬੀ ਦੀ ਸਜ਼ਾ ਦਾ ਪ੍ਰਾਵਧਾਨ ਨਹੀਂ ਰੱਖਿਆ।

ਤਲਵਾੜ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਦੀ ਸਰਕਾਰ ਨੇ ਸਮਰਾਸਤਾ ਦੇ ਨਾਮ ਤੇ ਪ੍ਰਦੇਸ਼ ਦੇ ਆਪਸੀ ਭਾਈਚਾਰੇ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦੇ ਨਤੀਜੇ ਬਹੁਤ ਬੁਰੇ ਹੋਣਗੇ।

## ਅਣਪਛਾਤੇ ਚੋਰ ਢਾਬਾ ਕਮ ਅਹਾਤੇ ਦੇ ਸ਼ਟਰ ਦੇ ਤਾਲੇ ਤੋੜ ਕੇ 4 ਗੈਸ ਸਿਲੰਡਰ, ਇਨਵਰਟਕ ਤੇ ਬੈਟਰੀ ਚੋਰੀ ਕਰਕੇ ਫ਼ਰਾਰ

***ਪੁਲਿਸ ਬਣੀ ਮੂਕ ਦਰਸ਼ਕ*ਕਈ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਵੀ ਲੁਟੇਰਿਆਂ ਵਲੋਂ ਦਿੱਤਾ ਜਾ ਰਿਹੈ ਅੰਜ਼ਾਮ* ਫਿਲੌਰ/ਅੱਪਰਾ (ਦੀਪਾ)-** ਅੱਪਰਾ ਤੇ ਆਸ-ਪਾਸ ਦੇ ਪਿੰਡਾਂ 'ਚ ਆਏ ਦਿਨ ਲੁੱਟ ਖੋਹ ਤੇ ਚੋਰੀਆਂ ਹੋਣਾ ਆਮ ਗੱਲ ਹੋ ਗਈ ਹੈ । ਅਣਪਛਾਤੇ ਚੋਰਾਂ ਤੇ ਲੁਟੇਰਿਆਂ ਵਲੋਂ ਸ਼ਰੇਆਮ ਉਕਤ ਵਾਰਦਾਤਾਂ ਨੂੰ ਅੰਜ਼ਾਮ ਦਿੱਤਾ ਜਾ ਰਿਹਾ ਹੈ, ਜਦਕਿ ਸਥਾਨਕ ਪੁਲਿਸ ਮੂਕ ਦਰਸ਼ਕ ਬਣੀ ਹੋਈ ਹੈ । ਬੀਤੀ ਰਾਤ ਵੀ ਅਣਪਛਾਤੇ ਚੋਰ ਸਥਾਨਕ ਬੰਗਾ ਰੋਡ ਬਾਈਪਾਸ 'ਤੇ ਸਥਿਤ ਇੱਕ ਢਾਬੇ ਦੇ ਸ਼ਟਰ ਦੇ ਤਾਲੇ ਤੋੜ ਕੇ ਅੰਦਰ ਪਿਆ ਸਾਮਾਨ ਚੋਰੀ ਕਰਕੇ ਲੈ ਗਏ । ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਮੁੰਨਾ ਰਾਮ ਪੁੱਤਰ ਸਬੀਲੀ ਪਿੰਡ ਤਾਰਾਪੁਰਵਾ ਜਿਲਾ ਗੋਂਡਾ (ਯੂ.ਪੀ) ਹਾਲ ਵਾਸੀ ਮੰਡੀ ਰੋਡ ਅੱਪਰਾ ਨੇ ਦੱਸਿਆ ਕਿ ਉਹ ਪਿਛਲੇ 12 ਸਾਲਾਂ ਤੋਂ ਅੱਪਰਾ ਵਿਖੇ ਰਹਿ ਰਿਹਾ ਹੈ ਤੇ ਸਥਾਨਕ ਬੰਗਾ ਰੋਡ ਵਿਖੇ ਢਾਬਾ ਕਮ ਅਹਾਤਾ ਚਲਾਉਂਦਾ ਹੈ ।



ਬੀਤੀ ਰਾਤ ਮੈਂ ਲਗਭਗ 11 ਵਜੇ ਦੁਕਾਨ ਬੰਦ ਕਰਕੇ ਘਰ ਚਲਾ ਗਿਆ । ਅੱਜ ਸਵੇਰੇ ਆ ਕੇ ਦੇਖਿਆ ਤਾਂ ਦੁਕਾਨ ਦੇ ਸ਼ਟਰ ਦੇ ਤਾਲੇ ਟੁੱਟੇ ਹੋਏ ਸਨ ਤੇ ਅਣਪਛਾਤੇ ਚੋਰ ਮੇਰੀ ਮੇਨ ਦੁਕਾਨ 'ਚ ਇੱਕ ਇਨਵਰਟਰ, ਬੈਟਰੀ ਤੇ ਇੱਕ ਭਰਿਆ ਹੋਇਆ ਗੈਸ ਸਿਲੰਡਰ ਤੇ ਪਿਛਲੇ ਪਾਸੇ ਸਥਿਤ ਦੂਸਰੀ ਦੁਕਾਨ 'ਚ ਤਿੰਨ ਗੈਸ ਸਿਲੰਡਰ ਚੋਰੀ ਕਰਕੇ ਰਫੂ ਚੱਕਰ ਹੋ ਗਏ । ਘਟਨਾ ਦੀ ਸੂਚਨਾ ਮਿਲਦਿਆਂ ਹੀ ਅੱਪਰਾ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ।

# ਬਾਲ ਭਿਖਿਆ ਰੋਕੂ ਜ਼ਿਲ੍ਹਾ ਟਾਸਕ ਫੌਰਸ ਵਲੋਂ ਕੀਤੀ ਚੈਕਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ** ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਦੀ ਰਹਿਨੁਮਾਈ ਹੇਠ ਪ੍ਰੋਜੈਕਟ ਜੀਵਨਜੋਤ ਤਹਿਤ ਜਾਰੀ ਗਾਈਡਲਾਈਨ ਅਨੁਸਾਰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹਰਪ੍ਰੀਤ ਕੌਰ ਦੀ ਅਗਵਾਈ ਵਿੱਚ ਬਾਲ ਭਿਖਿਆ ਰੋਕੂ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਨਵੀਂ ਸਬਜ਼ੀ ਮੰਡੀ, ਕੰਦੀ ਸਵੀਟ ਸ਼ਾਪ, ਬੰਗਾਲੀ ਸਵੀਟ ਸ਼ਾਪ, ਫਗਵਾੜਾ ਚੌਂਕ, ਪ੍ਰਭਾਤ ਚੌਂਕ, ਸ਼ਿਮਲਾ ਪਹਾੜੀ ਚੌਂਕ, ਹਨੂਮਾਨ ਮੰਦਿਰ, ਸ਼ਨੀ ਮੰਦਿਰ, ਭੰਗੀ ਚੋਅ ਵਿਖੇ ਰੇਡ ਕੀਤੀ ਗਈ। ਇਸ ਰੇਡ ਦੌਰਾਨ 4 ਬੱਚੇ ਬਾਲ ਭਿਖਿਆ ਤੋਂ ਮੁਕਤ ਕਰਵਾਏ ਗਏ ਅਤੇ ਬਾਲ ਭਲਾਈ ਕਮੇਟੀ ਸਾਹ-ਮਣੇ ਪੇਸ਼ ਕੀਤਾ ਗਿਆ। ਬਾਲ ਭਲਾਈ ਕਮੇਟੀ ਵਲੋਂ ਬੱਚਿਆਂ ਦੀ ਕੌਸਲਿੰਗ ਕੀਤੀ ਗਈ ਅਤੇ ਬੱਚਿਆਂ ਦੀ ਭਲਾਈ ਨੂੰ ਮੁੱਖ ਰਖੱਦੇ ਹੋਏ ਫੈਸਲਾਂ ਲਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ



ਹਰਪ੍ਰੀਤ ਕੌਰ ਨੇ ਆਮ ਜਨਤਾ ਨੂੰ ਇਹ ਅਪੀਲ ਵੀ ਕੀਤੀ ਗਈ ਜੇਕਰ ਤੁਹਾਨੂੰ ਕੋਈ ਬੱਚਾ ਭੀਖ ਮੰਗਦਾ ਜਾਂ ਬਾਲ ਮਜਦੂਰੀ ਕਰਦਾ ਹੋਇਆ ਮਿਲਦਾ ਹੈ, ਤਾਂ ਉਸ ਦੀ ਸੂਚਨਾ ਬਾਲ ਹੈਲਪਲਾਈਨ 1098 'ਤੇ ਦਿੱਤੀ ਜਾਵੇ ਤਾਂ ਜੋ ਤੁਹਾਡੀ ਇੱਕ ਪਹਿਲ ਕਿਸੇ ਬੱਚੇ ਦੀ ਜ਼ਿੰਦਗੀ ਬਦਲ ਸਕੇ। 0 ਤੋਂ 18 ਸਾਲ ਦੇ ਬੱਚਿਆਂ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸਕੀਮਾਂ ਬਾਰੇ ਜਾਣਕਾਰੀ ਲਈ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਹੁਸ਼ਿਆਰਪੁਰ ਵਿਖੇ ਜਾਂ ਬਾਲ ਹੈਲਪਲਾਈਨ 1098 'ਤੇ ਫੋਨ ਕਰਕੇ ਲਈ ਜਾ ਸਕਦੀ ਹੈ । ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੀ ਰੇਡਸ ਪਹਿਲਾਂ ਵੀ ਹੋ ਰਹੀਆਂ ਹਨ ਅਤੇ ਇਹ ਲਗਾਤਾਰ ਜਾਰੀ ਰਹਿਣਗੀਆਂ। ਜੇਕਰ ਕੋਈ ਮਾਤਾ ਪਿਤਾ ਬੱਚੇ ਤੋਂ ਬਾਲ ਭਿਖਿਆ ਕਰਵਾਉਂਦਾ ਪਾਇਆ ਗਿਆ, ਤਾਂ ਮਾਤਾ ਪਿਤਾ 'ਤੇ ਵੀ ਕਾਰਵਾਈ ਕੀਤੀ ਜਾਵੇਗੀ । ਬੱਚਿਆਂ ਦੀ ਸੁਰੱਖਿਆ ਅਤੇ ਦੇਖ-ਭਾਲ ਸਬੰਧੀ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਰਾਮ ਕਲੋਨੀ ਕੈਂਪ ਹੁਸ਼ਿਆਰਪੁਰ ਨਾਲ ਤਾਲਮੇਲ ਕੀਤਾ ਜਾ ਸਕਦਾ ਹੈ।ਇਸ ਰੇਡਸ ਵਿੱਚ (ਸੋਸ਼ਲ ਵਰਕਰ) ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਮੋਹਿਤ, ਸਿਟੀ ਥਾਣਾ ਹੁਸ਼ਿਆਰਪੁਰ ਤੋਂ ਐਸ.ਐਚ.ਓ ਕਿਰਨ ਸਿੰਘ, ਕੁਲਦੀਪ ਸਿੰਘ (ਕੌਂਸਲਰ) ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਡਾ. ਸ਼ਾਲਿਨੀ (ਸਿਹਤ ਵਿਭਾਗ) ਅਮਿਤ ਕੁਮਾਰ (ਸਿੱਖਿਆ ਵਿਭਾਗ) ਮੌਜੂਦ ਸਨ । ਬਾਲ ਭਲਾਈ ਕਮੇਟੀ ਵਲੋਂ ਬੱਚਿਆਂ ਦੀ ਕੌਂਸਲਿੰਗ ਕੀਤੀ ਗਈ ਅਤੇ ਬੱਚਿਆਂ ਦੀ ਭਲਾਈ ਨੂੰ ਮੁੱਖ ਰੱਖਦੇ ਹੋਏ ਫੈਸਲਾਂ ਲਿਆ ਗਿਆ ।

# ਫਰੀਡਮ ਫਾਈਟਰਾਂ ਦੇ ਵਾਰਸਾਂ ਵਲੋਂ ਸਰਕਾਰ ਤੋਂ ਹੱਕੀ ਮੰਗਾਂ ਲਈ ਮਹੀਨਾਂ ਵਾਰ ਮੀਟਿੰਗ

## ਫਰੀਡਮ ਫਾਈਟਰਾਂ ਦੇ ਵਾਰਸਾਂ ਨੂੰ ਸਰਕਾਰੀ ਸਮਾਗਮਾਂ ਵਿੱਚ ਬੁਲਾ ਕੇ ਬਣਦਾ ਮਾਣ ਸਨਮਾਨ ਦਿੱਤਾ ਜਾਵੇ


**ਫਿਲੌਰ/ਅੱਪਰਾ (ਦੀਪਾ)**–ਫਰੀਡਮ ਫਾਈਟਰ 196 ਜਥੇਬੰਦੀ ਸੰਗਰੂਰ ਦੀ ਜਿਲ੍ਹਾ ਇਕਾਈ ਸ਼ਹੀਦ ਭਗਤ ਸਿੰਘ ਨਗਰ ਦੀ ਇੱਕ ਵਿਸ਼ੇਸ਼ ਇਕੱਤਰਤਾ ਜਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਚੱਕਦਾਨਾ ਤੇ ਅਸ਼ੋਕ ਸਿੰਘ ਉਪ ਪ੍ਰਧਾਨ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਜਿਲ੍ਹੇ ਦੇ ਸਮੂਹ ਫਰੀਡਮ ਫਾਈਟਰਾਂ ਦੇ ਵਾਰਸਾ ਵਲੋਂ ਭਾਰੀ ਗਿਣਤੀ ਵਿੱਚ ਭਾਗ ਲਿਆ।ਮੀਟਿੰਗ ਤੋਂ ਉਪਰੰਤ ਜਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਚੱਕਦਾਨਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਆਖਿਆ ਕਿ ਦੇਸ ਨੂੰ ਅਜ਼ਾਦ ਕਰਵਾਉਣ ਵਾਲੇ ਪਰਿਵਾਰਾਂ ਦੇ ਵਡੇਰਿਆ ਵਲੋਂ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢਣ ਤੇ ਦੇਸ ਨੂੰ ਅਜ਼ਾਦ ਕਰਵਾਉਣ ਲਈ ਅਹਿਮ ਯੋਗਦਾਨ ਪਾ ਕੇ ਨਾਮਣਾ ਖੱਟਿਆ ਹੈ।ਪਰ ਸਰਕਾਰ ਵਲੋਂ ਉਨ੍ਹਾਂ ਦੇ ਵਾਰਸਾ ਨੂੰ ਸਰਕਾਰੇ ਦਰਬਾਰੇ ਬਣਦਾ ਮਾਣ ਸਤਿਕਾਰ ਨਹੀ ਦਿੱਤਾ ਜਾ ਰਿਹਾ।ਅੱਜ ਦੀ ਇਸ ਮੀਟਿੰਗ'ਚ



ਸਾਡੀ ਜਥੇਬੰਦੀ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਫਰੀਡਮ ਫਾਈਟਰਾਂ ਦੇ ਵਾਰਸਾ ਦੀ ਹੱਕੀ ਮੰਗਾਂ ਜਲਦ ਤੋਂ ਜਲਦ ਮੰਨੀਆ ਜਾਣ,ਤੇ ਜਿਲ੍ਹੇ ਸਮੇਤ ਦੇਸ਼ ਦੇ ਸਮੂਹ ਟੋਲ ਪਲਾਜ਼ਿਆ ਤੋਂ ਸਾਡੇ ਪਰਿਵਾਰਾਂ ਨੂੰ ਛੋਟ ਦਿੱਤੀ ਜਾਵੇ।ਇਸੇ ਤਰ੍ਹਾਂ ਸਾਰੇ ਸਰਕਾਰੀ ਦਫਤਰਾਂ ਵਿੱਚ ਸਾਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇ,ਉਨ੍ਹਾਂ ਦੇ ਵਾਰਸਾਂ ਦੇ ਸਨਾਖਤੀ ਕਾਰਡ ਬਣਾਏ ਜਾਣ ਤਾਂ ਜੋ ਫਰੀਡਮ ਫਾਈਟਰਾਂ ਦੀ ਤੁਰੰਤ ਪਛਾਣ ਹੋ ਸਕੇ।ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸਰਕਾਰੀ ਬੱਸਾ ਵਿੱਚ ਫਰੀਡਮ ਫਾਈਟਰ ਦੇ ਵਾਰਸਾ ਨੂੰ ਸਫਰ ਕਰਨ ਲਈ ਸੀਟਾਂ ਰਾਖਵੀਆਂ ਕੀਤੀਆ ਜਾਣ।ਉਨ੍ਹਾਂ ਕਿਹਾ ਕਿ ਸਾਡੀ ਜਥੇਬੰਦੀ ਸਰਕਾਰ ਤੋਂ ਇਹ ਮੰਗ ਵੀ ਕਰਦੀ ਹੈ ਕਿ 26 ਜਨਵਰੀ ਅਤੇ 15 ਅਗਸਤ ਨੂੰ ਮਨਾਏ ਜਾਣ ਵਾਲੇ ਸੰਵਿਧਾਨ ਅਤੇ ਅਜਾਦੀ ਦਿਵਸ ਦੇ ਸਰਕਾਰੀ ਸਮਾਗਮਾਂ ਵਿੱਚ ਵੀ ਫਰੀਡਮ ਫਾਈਟਰਾਂ ਦੇ ਵਾਰਸਾ ਨੂੰ ਸੱਦ ਕਿ ਉਨ੍ਹਾਂ ਦਾ ਬਣਦਾ ਮਾਣ ਸਤਿਕਾਰ ਕੀਤਾ ਜਾਵੇ।ਇਸ ਮੌਕੇ ਜੀਵਨ ਕੁਮਾਰ ਸਕੱਤਰ,ਅਸ਼ੋਕ ਸਿੰਘ ਉਪ ਪ੍ਰਧਾਨ,ਅਮਰੀਕ ਸਿੰਘ ਚੱਕਦਾਨਾ, ਗੁਰਨਾਮ ਸਿੰਘ ਖੁਰਦ,ਭਜਨ ਸਿੰਘ,ਦੇਵ ਦੱਤ ਸ਼ਰਮਾਂ,ਜੁਝਾਰ ਸਿੰਘ,ਅਮਰਜੀਤ ਸਿੰਘ,ਨਿਰਮਲ ਸਿੰਘ,ਪਰਵਿੰਦਰ ਸਿੰਘ, ਤਰਨਜੀਤ ਸਿੰਘ ਥਾਂਦੀ,ਤਰਸੇਮ ਸਿੰਘ ਆਦਿ ਵੀ ਹਾਜ਼ਰ ਸਨ।

# "ਰਵਿਦਾਸੀਆ, ਵਾਲਮੀਕੀ ਅਤੇ ਕਬੀਰ ਪੰਥੀ ਸਮਾਜ ਨੂੰ ਬੇਅਦਬੀ ਕਾਨੂੰਨ ਤੋਂ ਬਾਹਰ ਰੱਖ ਕੇ ਆਪ ਸਰਕਾਰ ਨੇ ਦਲਿਤ-ਵਿਰੋਧੀ ਮਾਨਸਿਕਤਾ ਦਿਖਾਈ": ਸਾਂਪਲਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਆਮ ਆਦਮੀ ਪਾਰਟੀ, ਇਸਦੇ ਮੁਖੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਮੰਤਰੀ ਅਤੇ ਸੂਬਾ ਪ੍ਰਧਾਨ ਅਮਨ ਅਰੋੜਾ, ਪੂਰੀ ਪੰਜਾਬ ਕੈਬਨਿਟ ਅਤੇ ਉਨ੍ਹਾਂ ਦੇ ਸਾਰੇ ਵਿਧਾਇਕ, ਸੰਸਦ ਮੈਂਬਰ, ਨੇਤਾ ਆਦਿ ਸਾਰੇ ਦੇ ਸਾਰੇ ਦਲਿਤ-ਵਿਰੋਧੀ ਹਨ,ਅਤੇ ਦਲਿਤਾ ਨਾਲ ਨਫ਼ਰਤ ਕਰਦੇ ਹਨ। ਇਹ ਕਹਿਣਾ ਹੈ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਅਤੇ ਸਾਬਕਾ ਕੇਂਦਰੀ ਮੰਤਰੀ ਵਿਜੈ ਸਾਂਪਲਾ ਦਾ। ਉਹਨਾਂ ਲਿਹਾਜ ਕਿ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਬਿੱਲ "ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾ ਦੀ ਰੋਕਥਾਮ ਐਕਟ, 2025" ਵਿੱਚ ਗੁਰੂ ਰਵਿਦਾਸ ਜੀ ਦੀ ਮੂਰਤੀ ਅਤੇ ਪਵਿੱਤਰ ਗ੍ਰੰਥ ਅੰਮ੍ਰਿਤਵਾਣੀ, ਭਗਵਾਨ ਵਾਲਮੀਕੀ ਜੀ ਦੀ ਮੂਰਤੀ, ਸਤਿਗੁਰੂ ਕਬੀਰ ਜੀ ਦੀ ਮੂਰਤੀ ਅਤੇ ਸੰਤ ਨਾਭਾ ਦਾਸ ਦੀਆਂ ਮੂਰਤੀ ਦੀ ਬੇਅਦਬੀ ਦੀ ਸਜ਼ਾ ਦਾ ਪ੍ਰਾਵਧਾਨ ਨਾ ਰੱਖ ਕੇ ਦਲਿਤ ਸਮਾਜ ਪ੍ਰਤੀ ਨਫ਼ਰਤ ਭਰੀ ਮਾਨਸਿਕਤਾ ਸਾਫ਼ ਦਿਖਾਈ ਦਿੱਤੀ ਹੈ। ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦੀ ਦਲਿਤ-ਵਿਰੋਧੀ ਮਾਨਸਿਕਤਾ ਮਾਰਚ 2022 ਵਿੱਚ ਹੀ ਸਾਹ-ਮਣੇ ਆ ਗਈ ਸੀ। ਪੰਜਾਬ ਦੀ ਲਗਭਗ 31% ਦਲਿਤ ਆਬਾਦੀ ਦੇ ਵੋਟਾਂ ਲਈ ਅਰਵਿੰਦ



ਕੇਜਰੀਵਾਲ ਨੇ ਚੋਣਾਂ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਜੇਕਰ ਪੰਜਾਬ ਵਿੱਚ ਸਰਕਾਰ ਬਣੀ ਤਾਂ ਉਪ-ਮੁੱਖ ਮੰਤਰੀ ਦਲਿਤ ਸਮਾਜ ਵਿੱਚੋਂ ਹੋਵੇਗਾ, ਪਰ ਸਰਕਾਰ ਬਣਨ ਤੋਂ ਬਾਅਦ ਉਹਨਾਂ ਨੇ ਇਹ ਵਾਅਦਾ ਪੂਰਾ ਨਹੀਂ ਕੀਤਾ। ਸਾਢੇ ਤਿੰਨ ਸਾਲ ਬੀਤ ਗਏ, ਪਰ ਅਜੇ ਤੱਕ ਕੋਈ ਦਲਿਤ ਉਪ-ਮੁੱਖ ਮੰਤਰੀ ਨਹੀਂ ਬਣਾਇਆ ਗਿਆ। ਉਹਨਾਂ ਕਿਹਾ ਕਿ ਕੇਜਰੀਵਾਲ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਦੇ ਹੀ ਇੱਕ ਵਿਸ਼ੇਸ਼ ਐਸਆਈਟੀ (ਸ਼ੀਠ) ਬਣਾਈ ਜਾਵੇਗੀ ਜੋ ਪੰਜ ਸਾਲਾਂ ਵਿੱਚ ਦਲਿਤਾਂ ਦੇ ਖਿਲਾਫ਼ ਹੋਏ ਅੱਤਿਆਚਾਰਾਂ ਅਤੇ ਝੂਠੇ ਕੇਸਾਂ ਦੀ ਜਾਂਚ ਕਰੇਗੀ ਅਤੇ ਸਖ਼ਤ ਸਜ਼ਾ ਦੀ ਸਿਫ਼ਾਰਸ਼ ਕਰੇਗੀ। ਲੱਗਭਗ ਚਾਰ ਸਾਲ ਪੂਰੇ ਹੋਣ ਵਾਲੇ ਹਨ, ਪਰ ਅਜੇ ਤੱਕ ਐਸਆਈਟੀ ਨਹੀਂ ਬਣਾਈ ਗਈ। ਉਹਨਾਂ ਕਿਹਾ ਚੁਣਾਵੀ ਵਾਅਦਿਆਂ ਅਨੁਸਾਰ, ਅਜੇ ਤੱਕ ਦਲਿਤਾਂ ਦੀਆਂ ਨੌਕਰੀਆਂ ਲਈ ਖਾਲੀ ਪਈਆ ਸੀਟਾਂ (ਬੈਕਲੌਗ) ਨੂੰ ਵੀ ਪੂਰਾ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਉਦਾਹਰਣਾ ਬਹੁਤ ਹਨ, ਪਰ ਇਹਨਾਂ ਤਿੰਨ ਉਦਾਹਰਣਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਕੇਜਰੀਵਾਲ, ਭਗਵੰਤ ਮਾਨ ਅਤੇ ਉਹਨਾਂ ਦੀ ਪੂਰੀ ਕੈਬਨਿਟ ਦਲਿਤ-ਵਿਰੋਧੀ ਮਾਨਸਿਕਤਾ ਰੱਖਦੇ ਹਨ। ਇਸੇ ਕਰਕੇ ਉਹਨਾਂ ਨੇ ਕੈਬਨਿਟ ਵਿੱਚ ਪਾਸ ਕਰਦੇ ਸਮੇਂ ਅਤੇ ਵਿਧਾਨਸਭਾ ਵਿੱਚ ਪੇਸ਼ ਕਰਦੇ ਸਮੇਂ "ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਐਕਟ 2025" ਵਿੱਚ ਰਵਿਦਾਸੀਆ ਸਮਾਜ, ਵਾਲਮੀਕੀ ਸਮਾਜ, ਕਬੀਰ ਪੰਥ ਅਤੇ ਮਹਾਸ਼ਾ ਸਮੁਦਾਇ ਦੇ ਭਗਵਾਨਾਂ ਅਤੇ ਸੰਤਾਂ ਦੀ ਬੇਅਦਬੀ ਦੀ ਸਜ਼ਾ ਦਾ ਪ੍ਰਾਵਧਾਨ ਨਹੀਂ ਰੱਖਿਆ।ਸਾਂਪਲਾ ਨੇ ਕਿਹਾ ਕਿ ਦੁੱਖ ਇਸ ਗੱਲ ਦਾ ਹੈ ਕਿ ਸਰਕਾਰ ਵਿੱਚ ਬਾਲਮੀਕੀ ਸਮਾਜ, ਰਵਿਦਾਸ ਸਮਾਜ, ਕਬੀਰ ਸਮਾਜ ਅਤੇ ਮਹਾਸ਼ਾ ਸਮਾਜ ਨਾਲ ਸੰਬੰਧਿਤ ਵਿਧਾਇਕ ਅਤੇ ਮੰਤਰੀ ਵੀ ਹਨ, ਪਰ ਉਹਨਾਂ ਨੇ ਵੀ ਇਸ ਮਾਮਲੇ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਇਹ ਲੋਕ ਸੱਤਾ ਦੇ ਸੁੱਖ ਵਿੱਚ ਆਪਣੇ ਕਰਤੱਵ ਨੂੰ ਭੁੱਲ ਗਏ ਹਨ।ਸਾਂਪਲਾ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਦਲਿਤਾਂ ਦੀਆਂ ਭਾਵਨਾਵਾਂ ਦੇ ਅਨੁਸਾਰ ਇਸ ਬਿੱਲ ਵਿੱਚ ਪ੍ਰਾਵਧਾਨ ਨਹੀਂ ਕੀਤਾ, ਤਾਂ ਉਹ ਸੜਕਾਂ 'ਤੇ ਉਤਰ ਕੇ ਵਿਆਪਕ ਅੰਦੋਲਨ ਕਰਨਗੇ।

# ਹਰ ਇੱਕ ਸੰਗ੍ਰਾਂਦ ਨੂੰ

ਅਸੀਂ ਤੇਰੇ ਨਾਂ ਦੀ ਸ਼ਾਮ ਸਵੇਰੇ ਪੂਜਾ ਕਰਦੇ ਹਾਂ ।
ਫਿਰ ਜ਼ਿੰਦਗੀ ਦਾ ਹੋਰ ਕੰਮ ਕੋਈ ਦੂਜਾ ਕਰਦੇ ਹਾਂ।
ਤੇਰੇ ਸਾਰੇ ਜੀਵਨ ਵਿੱਚ ਮਿਠਾਸ ਸਦਾ ਹੀ ਭਰੀ ਰਹੇ ;
ਹਰ ਇੱਕ ਮਹੀਨੇ ਦਾਨ ਇੱਕ ਮਿਸ਼ਰੀ ਕੂਜਾ ਕਰਦੇ ਹਾਂ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

# ਹਨੇਰੇ ਰਾਹ

ਦਿਲ ਦੇ ਰਾਗ 'ਚ ਤਾਲ ਮੇਲ ਹੋਣਾ ਚਾਹੀਦਾ,
ਜੀਵਨ ਰਾਗ ਨੂੰ ਸੰਘਰਸ਼ ਨਾਲ ਜੋੜਨਾ ਚਾਹੀਦਾ।


ਰਾਤਾਂ ਦੀਆਂ ਖ਼ਾਮੋਸ਼ੀਆਂ ਨਾ ਸਦਾ ਰਹਿਣ,
ਸਵੇਰਾਂ ਨੂੰ ਨਵਾਂ ਅਸਮਾਨ ਹੋਣਾ ਚਾਹੀਦਾ।

ਹੌਂਸਲੇ ਦੀ ਰੌਸ਼ਨੀ ਨੀ ਰੁਕਣੀ ਕਿਸੇ ਵਕਤ,
ਤੂਫ਼ਾਨਾਂ ਨਾਲ ਵੀ ਇਮਾਨ ਹੋਣਾ ਚਾਹੀਦਾ।

ਲਫ਼ਜ਼ਾਂ ਵਿੱਚ ਜੇ ਚਿੰਗਾਰੀਆਂ ਬਚੀ ਹੋਣ,
ਕਲਮ ਨੂੰ ਵੀ ਬਾਗ਼ੀ ਜ਼ੁਬਾਨ ਹੋਣਾ ਚਾਹੀਦਾ।

ਚੁੱਪੀ ਨਾ ਹੋਵੇ ਜੇ ਇਨਸਾਫ਼ ਦੀ ਲੋੜ ਹੋਵੇ,
ਸਵਾਲਾਂ ਚੋਂ ਵੀ ਐਲਾਨ ਹੋਣਾ ਚਾਹੀਦਾ।

ਜਵਾਨੀ ਨੂੰ ਨਾ ਠੱਗ ਸਕੇ ਚਾਹੇ ਕੋਈ ਹੋਵੇ,
ਦਿਲਾਂ ਵਿੱਚ ਸੱਚਾ ਇੱਕ ਇਮਾਨ ਹੋਣਾ ਚਾਹੀਦਾ॥



**ਮੰਜੂ ਰਾਇਕਾ**

# "ਚੁੱਪ ਤੋਂ ਡਰ ਲੱਗਦਾ ਹੈ"

ਮੈਨੂੰ ਮੇਰੀ ਹੀ ਚੁੱਪ ਤੋਂ
ਡਰ ਲੱਗਦਾ ਹੈ।

ਬਿੰਦ-ਬਿੰਦ ਇੱਕ ਧੁੜਕੂ ਜਿਹਾ
ਡਰਾਉਂਦਾ,
ਤ੍ਰਾਹ ਕੱਢਦਾ ਹੈ।

ਦਿਨੋਂ-ਦਿਨ
ਇਹ ਹੋਰ ਵੀ ਗਹਿਰੀ,
ਹੋਰ ਵੀ ਡਰਾਉਣੀ ਹੁੰਦੀ ਜਾਂਦੀ ਹੈ।
ਕਿਸੇ ਵਿਸ ਖਾਧੀ ਸੱਪਣੀ ਵਾਂਗ
ਰੱਗ-ਰੱਗ 'ਚੋਂ ਰੱਤ ਚੂਸਦੀ ਹੈ।
ਪਰ, ਮੂੰਹੋਂ
ਕਦੇ ਕੁਝ ਨਹੀਂ ਫੁੱਟਦੀ।

ਇਹ ਛਲਾਕਣੀ
ਸਨਾਟਿਆਂ ਦੇ ਸਿਰ ਚੜ੍ਹ-ਚੜ੍ਹ ਨੱਚਦੀ
ਹੈ,
ਗੁੰਮਨਾਮੀਆਂ ਨੂੰ ਸੱਦੇ ਭੇਜਦੀ ਹੈ
ਤੇ ਰੌਲਿਆਂ ਤੋਂ ਡਰਦੀ ਖੂੰਜੇ ਲੱਗ ਬਹਿੰਦੀ ਹੈ।

ਇਸ ਦੇ ਡਰੋਂ
ਸਹਿਮੇ-ਸਹਿਮੇ ਰਹਿੰਦੇ ਹਨ ਮੇਰੇ ਲਫ਼ਜ਼।
ਮੈਂ ਰੋਜ਼ ਤੀਲਾ-ਤੀਲਾ ਬਿਖਰ,
ਟੁੱਟ, ਮਰ ਜਾਂਦੀ ਹਾਂ...
ਇਸ ਦੇ ਬੋਝ ਹੇਠਾਂ।
ਪਰ ਇਹ,
ਫਿਰ ਵੀ ਨਹੀਂ ਟੁੱਟਦੀ।


ਇੰਜ ਜਾਪਦਾ ਹੈ,
ਜਿਵੇਂ ਇਹ ਹਉਆ ਬਣੀ ਚੁੱਪ
ਮੇਰੀ ਉਮਰਾਂ ਦੀ ਵੈਰੀ ਹੈ।

ਮੈਂ ਇਸ ਮੌਨ ਦਾ ਕੀ ਮੁਚੱਲਕਾ ਭਰਾਂ,
ਜਿਹੜਾ ਗੈਰ-ਜ਼ਮਾਨਤੀ ਉਮਰਕੈਦ ਬਣ ਕੇ
ਮੇਰੀ ਨਾੜੀ-ਨਾੜੀ ਰੱਚ ਗਿਆ ਹੈ।

ਕਦੇ-ਕਦੇ ਬੜਾ ਡਰ ਲੱਗਦਾ ਹੈ,
ਕਿ ਕਿਤੇ ਮੁੱਕ ਹੀ ਨਾ ਜਾਵੇ ਮੇਰੀ ਆਵਾਜ਼,
ਤੇ ਦੱਬ ਨਾ ਦੇਣ ਮੈਨੂੰ
ਕਬਰਾਂ ਦੀ ਮਿੱਟੀ ਹੇਠਾਂ
ਮਰੀ ਹੋਈ ਬੇਕਾਰ ਲੋਥ ਸਮਝ ਕੇ।

ਕਾਸ਼!
ਮੇਰੀ ਇਹ ਚੁੱਪ ਟੁੱਟੇ।
ਇਹ ਡਰਾਉਣਾ ਸੁਪਨਾ ਟੁੱਟੇ।
ਤੇ ਮੈਂ ਟੱਪਾਂ
ਇਸ ਤਹਿਖਾਨੇ ਦੀਆਂ ਉੱਚੀਆਂ ਕੰਧਾਂ,
ਤੋੜਾਂ ਦਿਆਂ
ਚੁੱਪ ਦਾ ਇਹ ਗੋਲ ਘਤੀਰਾ,
ਤੇ ਢੀਕ ਲਾ ਕੇ ਪੀ ਜਾਵਾਂ
ਸੱਜਰੀ ਹਵਾ ਦਾ ਬੁੱਲਾ।

ਇੱਕ ਵਾਰ...
ਸਿਰਫ਼ ਇੱਕ ਵਾਰ
ਟੁੱਟੇ ਮੇਰੇ ਅੰਦਰ ਦਾ ਇਹ ਬੰਨ,
ਮੇਰੀ ਚੁੱਪ ਮੂੰਹੋਂ ਫੁੱਟੇ,
ਤੇ ਮੈਂ
ਚੰਘਿਆੜ ਮਾਰ ਕੇ ਰੋ ਸਕਾਂ।
ਨਿਡਰ, ਨਿਸ਼ੰਗ ਤੇ ਮੁਕਤ ਹੋ ਸਕਾਂ... ਸਦਾ ਸਦਾ ਲਈ।



**ਦੀਪ ਸੰਧੂ**
**+61 459 966 392**

# ਢਿੱਡ

ਜੀ ਬਾਬਾ ਹਾਂ ਬਾਬਾ
ਕੋਈ ਬਾਤ ਮਿਸ਼ਨ ਦੀ ਪਾ ਬਾਬਾ।
ਨੋਟਾਂ ਨਾਲ ਢਿੱਡ ਤੇਰਾ ਭਰਦਾ  ਨਹੀਂ?
ਅਰਬਾਂ ਦਾ ਮਾਲਕ ਫਿਰ ਕਿਉਂ ਸਰਦਾ ਨਹੀਂ?
ਪੰਪਾਂ, ਹੋਟਲਾਂ ਦਾ ਤੂੰ ਹੋ ਗਿਆ ਚਾਲਕ
ਫੇਰ ਮਿਸ਼ਨ ਵੇਚਣ ਤੋਂ ਕਿਉਂ ਟੱਲਦਾ ਨਹੀਂ?
ਜੀ ਬਾਬਾ ਹਾਂ ਬਾਬਾ
ਕੋਈ ਬਾਤ ਮਿਸ਼ਨ ਦੀ ਪਾ ਬਾਬਾ
ਗਾਂਧੀ ਦੀ ਚਾਕਰੀ ਤੋਂ ਕਿਉਂ ਹੱਟਦਾ ਨਹੀਂ?
ਰਹਿਬਰ ਦੇ ਝਿੜਕਿਆਂ ਕਿਉਂ ਡਰਦਾ ਨਹੀਂ?
ਵੀਹ ਸਾਲਾਂ ਤੋਂ ਪੰਜਾਬ ਬਚਾ ਰਿਹਾਂ
ਇੰਨਾ ਜ਼ੋਰ ਲਾਕੇ ਵੀ ਕਿਉਂ ਬਚਦਾ ਨਹੀਂ?
ਪੰਪਾਂ, ਹੋਟਲਾਂ ਦਾ ਤੂੰ ਹੋ ਗਿਆ ਚਾਲਕ
ਫੇਰ ਮਿਸ਼ਨ ਵੇਚਣ ਤੋਂ ਕਿਉਂ ਟੱਲਦਾ ਨਹੀਂ?
ਜੀ ਬਾਬਾ ਹਾਂ ਬਾਬਾ
ਕੋਈ ਬਾਤ ਮਿਸ਼ਨ ਦੀ ਪਾ ਬਾਬਾ



**ਅਸ਼ਲੇਸ਼ ਕੁਮਾਰ ਗੜ੍ਹੀ**



# ਡਿਪਟੀ ਕਮਿਸ਼ਨਰ ਵੱਲੋਂ ਪੜ੍ਹਾਈ ਦੀ ਉਮਰ 'ਚ ਬਾਲ ਮਜਦੂਰੀ ਕਰ ਰਹੇ ਬੱਚਿਆਂ ਦੀ ਸ਼ਨਾਖਤ ਕਰਨ ਦੇ ਨਿਰਦੇਸ਼

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਦਫਤਰ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਿਲ੍ਹੇ ਵਿੱਚ ਅਜਿਹੇ ਬੱਚਿਆਂ ਦੀ ਪਛਾਣ ਕੀਤੀ ਜਾਵੇ ਜਿਹੜੇ ਪੜ੍ਹਾਈ ਦੀ ਉਮਰ ਵਿੱਚ ਸੜਕਾਂ 'ਤੇ ਬਾਲ ਮਜਦੂਰੀ ਕਰ ਰਹੇ ਹਨ ਅਤੇ ਇਨ੍ਹਾਂ ਬੱਚਿਆਂ ਦੀ ਪੁਰਨਵਾਸ ਲਈ ਲੋੜੀਂਦੇ ਕਦਮ ਚੁੱਕੇ ਜਾਣ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਬੱਚਿਆਂ ਖਿਲਾਫ ਜੁਰਮਾਂ, ਬਾਲ ਮਜਦੂਰੀ ਦੀ ਸ਼ਿਕਾਇਤ ਜਾਂ ਮੁਸੀਬਤ ਵਿੱਚ ਫਸੇ ਕਿਸੇ ਵੀ ਬੱਚੇ ਬਾਰੇ ਚਾਈਲਡ ਹੈਲਪਲਾਈਨ ਨੰਬਰ 1098 'ਤੇ ਸੰਪਰਕ ਕਰਕੇ ਮਦਦ ਲਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਬਾਲ ਮਜਦੂਰੀ, ਬੱਚਿਆਂ ਦੀ ਸੁਰੱਖਿਆ ਅਤੇ ਬਾਲ ਭਿੱਖਿਆ ਦੇ ਖਾਤਮੇ ਲਈ ਲਗਾਤਾਰ ਉਪਰਾਲੇ ਕਰ ਰਿਹਾ ਹੈ ਤਾਂ ਜੋ ਅਜਿਹੇ ਬੱਚਿਆਂ ਲਈ ਸਿਹਤਮੰਦ ਜੀਵਨ ਯਕੀਨੀ ਬਣਾਇਆ ਜਾ ਸਕੇ । ਇਸੇ ਦੌਰਾਨ ਡਿਪਟੀ ਕਮਿਸ਼ਨਰ ਦੇ ਨਿਰਦੇਸ਼ਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਜਿਲ੍ਹਾ ਬਾਲ ਸੁਰੱਖਿਆ ਯੂਨਿਟ, ਬਾਲ ਭਲਾਈ ਕਮੇਟੀ ਅਤੇ ਜੁਵੇਨ-ਾਇਲ ਜਸਟਿਸ ਬੋਰਡ ਦੀ ਤਿਮਾਹੀ ਮੀਟਿੰਗ ਦੌਰਾਨ ਬੇਸਹਾਰਾ, ਲੋੜਵੰਦ ਅਤੇ ਕਾਨੂੰਨੀ ਮਾਮਲਿਆਂ ਦਾ ਸਾਹ-ਮਣਾ ਕਰ ਰਹੇ ਬੱਚਿਆਂ ਦੀ ਸੁਰੱਖਿਆ ਲਈ ਚੁੱਕੇ ਜਾ ਰਹੇ ਕਦਮਾਂ ਦੀ ਸਮੀਖਿਆ ਕੀਤੀ । ਬਾਲ ਭਲਾਈ ਕਮੇਟੀ ਦੇ ਚੇਅਰਪਰਸਨ ਨੂੰ ਹਦਾਇਤ ਕੀਤੀ ਕਿ ਦੇਰ-ਸਵੇਰ ਮਿਲੇ ਬੱਚਿਆਂ ਦੀ ਸੁਰੱਖਿਆ ਨੂੰ ਹਰ ਹਾਲ ਯਕੀਨੀ ਬਣਾਇਆ ਜਾਵੇ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਬੇਸਹਾਰਾ ਅਤੇ ਲੋੜਵੰਦ ਬੱਚਿਆਂ ਨੂੰ 24 ਘੰਟੇ ਦੇ ਅੰਦਰ-ਅੰਦਰ ਬਾਲ ਭਲਾਈ ਕਮੇਟੀ ਸਾਹਮਣੇ ਪੇਸ਼ ਕੀਤਾ ਜਾਵੇ। ਮੀਟਿੰਗ ਦੌਰਾਨ ਨਿਰਦੇਸ਼ ਦਿੱਤੇ ਕਿ ਪੁਲਿਸ ਅਧਿਕਾਰੀਆਂ ਵੱਲੋਂ ਬਾਲ ਮਜਦੂਰੀ ਦੌਰਾਨ ਰੈਸਕਿਊ ਕੀਤੇ ਬੱਚਿਆਂ ਦੇ ਪਰਿਵਾਰਾਂ ਨੂੰ ਟਰੇਸ ਕੀਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਇੱਕ ਦੂਜੇ ਨਾਲ ਮਿਲਾਇਆ ਜਾ ਸਕੇ। ਵਧੀਕ ਡਿਪਟੀ



ਕਮਿਸ਼ਨਰ ਨੇ ਬੱਚਿਆਂ ਅੰਦਰ ਨਸ਼ਿਆ ਦੀ ਲਤ ਨੂੰ ਰੋਕਣ ਲਈ ਤਿਆਰ ਕੀਤੇ ਐਕਸ਼ਨ ਪਲੈਨ ਦੀ ਵੀ ਸਮੀਖਿਆ ਕੀਤੀ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਨਸ਼ਾ ਛੁਡਾਓ ਕੇਂਦਰ ਵਿੱਚ ਇੱਕ ਵੱਖਰਾ ਕਮਰਾ ਸਥਾਪਤ ਕੀਤਾ ਜਾਵੇ ਜਿਨ੍ਹਾਂ ਦਾ ਉੱਥੇ ਸੁਚੱਜੇ ਢੰਗ ਨਾਲ ਇਲਾਜ ਕੀਤਾ ਜਾ ਸਕੇ। ਜਿਲ੍ਹਾ ਡਰੱਗ ਅਥਾਰਟੀ ਨੂੰ ਹਦਾਇਤ ਕੀਤੀ ਗਈ ਕਿ ਕਮਿਸ਼ਨ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਸ਼ਡਿਊਲ ਐਚ, ਐਕਸ ਅਤੇ ਐਕਸ 1 ਅਧੀਨ ਆਉਂਦੀਆਂ ਦਵਾਈਆਂ ਦੀ ਵਿਕਰੀ ਬੱਚਿਆਂ ਨੂੰ ਨਾ ਕੀਤੀ ਜਾਵੇ ਅਤੇ ਅਜਿਹੀਆਂ ਦਵਾਈਆਂ ਵੇਚਣ ਵਾਲਿਆਂ ਦੁਕਾਨਾਂ ਦੇ ਬਾਹਰ ਸੀ.ਸੀ.ਟੀ.ਵੀ ਕੈਮਰੇ ਲਗਵਾਏ ਜਾਣ । ਅਵਨੀਤ ਕੌਰ ਨੇ ਜਿਲ੍ਹੇ ਵਿੱਚ ਪੀ.ਐਮ.ਕੇਅਰਸ਼ ਾਰ ਚਿਲ-ਡਰਨ ਸਕੀਮ ਤਹਿਤ ਲਾਭ ਪ੍ਰਾਪਤ ਕਰ ਰਹੀ ਲਾਭਪਾਤਰੀ ਬੱਚੀ ਕੰਚਨ ਨਾਲ ਨਿੱਜੀ ਤੌਰ ਤੇ ਗੱਲਬਾਤ ਕਰਦਿਆਂ ਉਸਨੂੰ ਵੱਖ-ਵੱਖ ਵਿਭਾਗਾਂ ਦੀਆਂ ਸਕੀਮਾਂ ਬਾਰੇ ਜਾਣੂ ਕਰਵਾਇਆ । ਉਨ੍ਹਾਂ ਨੇ ਬੱਚੀ ਨੂੰ ਸਕੀਮ ਤਹਿਤ ਪ੍ਰਾਪਤ ਹੋਣ ਵਾਲੇ ਵਿੱਤੀ ਲਾਭ ਬਾਰੇ ਬੈਂਕ ਖਾਤੇ ਦੀ ਪਾਸਬੁੱਕ ਮੌਕੇ ਤੇ ਹੀ ਸਪੁਰਦ ਕੀਤੀ। ਇਸ ਦੌਰਾਨ ਬੇਸਹ-ਾਰਾ ਅਤੇ ਲੋੜਵੰਦ ਬੱਚਿਆਂ ਲਈ ਚਲਾਈ ਜਾ ਰਹੀ ਸਪਾਂਸਰਸ਼ਿਪ ਅਤੇ ਫੋਸਟਰ ਕੇਅਰ ਸਕੀਮ ਤਹਿਤ ਕੇਸਾਂ ਦੀ ਪ੍ਰਗਤੀ ਦਾ ਜਾਇਜ਼ਾ ਵੀ ਲਿਆ ਗਿਆ ਅਤੇ ਸਬੰਧਤ ਵਿਭਾਗਾਂ ਨੂੰ ਆਪਸੀ ਤਾਲਮੇਲ ਰਾਹੀਂ ਬੱਚਿਆਂ ਦੇ ਜੀਵਨ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਹੰਭਲੇ ਮਾਰਨ ਦੀ ਤਾਕੀਦ ਕੀਤੀ ਗਈ ।

# ਪਿੰਡ ਮੋਤੀਆਂ ਵਿੱਚ ਡਾ. ਰਾਜਕੁਮਾਰ ਚੱਬੇਵਾਲ ਨੇ ਨਸ਼ੇ ਦੇ ਖਿਲਾਫ ਦਿੱਤੀ ਸਸ਼ਕਤ ਆਵਾਜ਼, ਲੋਕਾਂ ਨੂੰ ਕੀਤਾ ਜਾਗਰੂਕ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਅੱਜ ਪਿੰਡ ਮੋਤੀਆਂ ਵਿੱਚ ਇੱਕ ਵਿਸ਼ੇਸ਼ ਜਨ ਸਭਾ ਨੂੰ ਸੰਬੋਧਨ ਕਰਦਿਆਂ ਨਸ਼ੇ ਦੇ ਖਿਲਾਫ ਜੰਗ ਦਾ ਐਲਾਨ ਕੀਤਾ। ਇਸ ਜਨ ਸਭਾ ਵਿੱਚ ਸੈਂਕੜੇ ਪਿੰਡ ਵਾਸੀਆਂ, ਨੌਜਵਾਨਾਂ, ਮਹਿਲਾਵਾਂ ਅਤੇ ਬਜ਼ੁਰਗਾਂ ਨੇ ਭਾਗ ਲਿਆ। ਡਾ. ਚੱਬੇਵਾਲ ਨੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਜੇ ਅਸੀਂ ਅਗਲੀ ਪੀੜ੍ਹੀ ਨੂੰ ਸੁਰੱਖਿਅਤ ਅਤੇ ਸਸ਼ਕਤ ਬਣਾਉਣਾ ਚਾਹੁੰਦੇ ਹਾਂ ਤਾਂ ਨਸ਼ੇ ਵਰਗੀਆਂ ਬੁਰਾਈਆਂ ਨੂੰ ਜੜ੍ਹ ਤੋਂ ਖਤਮ ਕਰਨਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਧਰਤੀ ਸੰਤਾਂ ਤੇ ਗੁਰੂਆਂ ਦੀ ਧਰਤੀ ਹੈ, ਪਰ ਅੱਜ ਇਹ ਧਰਤੀ ਨਸ਼ੇ ਦੀ ਮਾਰ ਝੱਲ ਰਹੀ ਹੈ। ਨਸ਼ਾ ਨੌਜਵਾਨਾਂ ਨੂੰ ਅੰਦਰੋਂ ਖੋਖਲਾ ਕਰ ਰਿਹਾ ਹੈ, ਪਰਿਵਾਰਾਂ ਨੂੰ ਤਬਾਹ ਕਰ ਰਿਹਾ ਹੈ ਅਤੇ ਸਮਾਜ ਵਿੱਚ ਅਸ਼ਾਂਤੀ ਫੈਲਾ ਰਿਹਾ ਹੈ। ਇਸੀ ਲਈ ਉਨ੍ਹਾਂ ਨੇ ਪਿੰਡ ਮੋਤੀਆਂ ਤੋਂ ਨਸ਼ੇ ਦੇ ਖਿਲਾਫ ਇਸ ਜਨ ਜਾਗਰੂਕਤਾ ਅਭਿਆਨ ਦੀ ਸ਼ੁਰੂਆਤ ਕੀਤੀ ਹੈ, ਜਿਸਨੂੰ ਹਰ ਪਿੰਡ, ਹਰ ਗਲੀ ਤੱਕ ਪਹੁੰਚਾਇਆ ਜਾਵੇਗਾ।



ਲੋਕ ਸਭਾ ਮੈਂਬਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ "ਇੱਕ ਪਿੰਡ, ਇੱਕ ਸੰਕਲਪ – ਨਸ਼ਾ ਮੁਕਤ ਪਿੰਡ" ਦਾ ਪ੍ਰਣ ਲੈਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਪ੍ਰਸ਼ਾਸਨ ਨੂੰ ਸਾਫ ਨਿਰਦੇਸ਼ ਦਿੱਤੇ ਜਾ ਚੁੱਕੇ ਹਨ ਕਿ ਐਸੇ ਤੱਤਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਡਾ. ਚੱਬੇਵਾਲ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਡਾਂ, ਸਿੱਖਿਆ ਅਤੇ ਸਵੈਰੋਜ਼ਗਾਰ ਵੱਲ ਧਿਆਨ ਦੇਣ। ਉਨ੍ਹਾਂ ਨੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ



ਵੱਖ-ਵੱਖ ਯੋਜਨਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਤਾਂ ਜੋ ਨੌਜਵਾਨ ਆਪਣੀ ਉਰਜਾ ਨੂੰ ਸਹੀ ਦਿਸ਼ਾ ਵਿੱਚ ਲਗਾ ਸਕਣ। ਸਭਾ ਵਿੱਚ ਪਿੰਡ ਦੇ ਸਰਪੰਚ, ਪੰਚ ਅਤੇ ਹੋਰ ਮਾਣਯੋਗ ਵਿਅਕਤੀਆਂ ਨੇ ਵੀ ਨਸ਼ੇ ਦੇ ਖਿਲਾਫ ਲੜਾਈ ਵਿੱਚ ਪੂਰਾ ਸਾਥ ਦੇਣ ਦਾ ਭਰੋਸਾ ਦਿੱਤਾ। ਪਿੰਡ ਵਾਸੀਆਂ ਨੇ ਵੀ ਇਕੱਠੇ ਹੋ ਕੇ ਇਹ ਸੰਕਲਪ ਲਿਆ ਕਿ ਉਹ ਆਪਣੇ ਪਿੰਡ ਵਿੱਚ ਨਸ਼ੇ ਨੂੰ ਕਦੇ ਵੀ ਪੈਰ ਨਹੀਂ ਪਸਾਰਣ ਦੇਣਗੇ।

**ਫੋਟੋ ਅਜਮੇਰ ਦੀਵਾਨਾ**

# "ਬਹੁਜਨ ਵਲੰਟੀਅਰ ਫੋਰਸ ਪਰੇਡ ਕਰਵਾ ਕੇ ਸਾਰੇ ਪੰਜਾਬ ਵਿੱਚ ਮਜਬੂਤ ਕੀਤਾ ਜਾਵੇਗਾ.........ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ "

**ਹੁਸ਼ਿਆਰਪੁਰ( ਚਰਨਜੀਤ ਸੱਲ੍ਹਾਂ )** ਬਹੁਜਨ ਵਲੰਟੀਅਰ ਫੋਰਸ ਦੀ ਹੁਸ਼ਿਆਰਪੁਰ ਪਿੰਡਾ ਸੱਜਣਾ ਵਿਖੇ ਅੱਜ ਪਰੇਡ ਕਰਵਾਈ ਗਈ, ਪਰੇਡ ਦਾ ਮੁਆਇਨਾ ਕਰਦੇ ਹੋਏ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਬਸਪਾ ਪੰਜਾਬ ਪ੍ਰਧਾਨ " ਜੈ ਭੀਮ ਜੈ ਭਾਰਤ ਜੈ ਕਾਂਸ਼ੀਰਾਮ ਜੈ ਸੰਵਿਧਾਨ ਜੈ ਬਸ।



# ਬਸਪਾ ਵੱਲੋਂ ਪੰਜਾਬ ਸੰਭਾਲੋ ਮੁਹਿੰਮ ਤਹਿਤ ਅੱਜ ਗੁਰਦਾਸਪੁਰ ਵਿਖੇ ਸਮੀਖਿਆ ਬੈਠਕ ਕੀਤੀ ਗਈ

**ਗੁਰਦਾਸਪੁਰ (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਵੱਲੋਂ ਪੰਜਾਬ ਸੰਭਾਲੋ ਮਹਿਮ ਦੇ ਤਹਿਤ ਅੱਜ ਗੁਰਦਾਸਪੁਰ ਵਿਖੇ ਵਰਕਰ ਸੰਮੇਲਨ ਅਤੇ ਸਮੀਖਿਆ ਬੈਠਕ ਕੀਤੀ ਗਈ ਜਿਸ ਵਿੱਚ ਬਰਕਰਾਰਾਂ ਨੂੰ ਪੰਜਾਬ ਸੰਭਾਲੋ ਮਹਿਮ ਪਿੰਡ ਪਿੰਡ ਤੱਕ ਲਿਜਾਣ ਦਾ ਸੱਦਾ ਦਿੱਤਾ ਗਿਆ ਇਸ ਮੀਟਿੰਗ ਦੇ ਵਿੱਚ ਸਰਦਾਰ ਜਸਵੀਰ ਸਿੰਘ ਜੀ ਕਿਸਾਨ ਆਗੂ ਪਿਛਲੇ ਦਿਨੀ ਬਸਪਾ ਵਿੱਚ ਸ਼ਾਮਿਲ ਹੋਏ ਉਹਨਾਂ ਨੂੰ ਸਟੇਟ ਸੈਕਟਰੀ ਨਿਯੁਕਤ ਕਰਕੇ ਮਾਝਾ ਜੋਨ ਚ ਕਿਸਾਨਾਂ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਇਸੇ ਤਰਾਂ ਐਡਵੋਕੇਟ ਹਰਮੀਤ



ਸਿੰਘ ਜੀ ਨੂੰ ਮਾਝਾ ਜੋਨ ਕਿਸਾਨਾਂ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਇਸ ਮੌਕੇ ਚੌਧਰੀ ਗੁਰਨ-ਾਮ ਸਿੰਘ ਸਟੇਟ ਕੋਆਰਡੀਨੇਟਰ ਬਸਪਾ ਅਤੇ ਜੇ ਪੀ ਭਗਤ ਜ਼ਿਲਾ ਪ੍ਰਧਾਨ ਗੁਰਦਾਸਪੁਰ ਤੋਂ ਇਲਾਵਾ ਹੋਰ ਲੀਡਰਸ਼ਿਪ ਵਰਕਰ ਵੀ ਹਾਜ਼ਰ ਸੀ।

# ਟ੍ਰੈਫਿਕ ਇੰਚਾਰਜ ਇੰਸਪੈਕਟਰ ਸੁਭਾਸ਼ ਭਗਤ ਨੂੰ "ਸਵੇਰਾ ਸੰਸਥਾ" ਵੱਲੋਂ ਸਨਮਾਨਿਤ ਕੀਤਾ ਗਿਆ

## ਇਮਾਨਦਾਰੀ ਦਾ ਸਮਰਥਨ ਕਰੋ ਅਤੇ ਬੇਈਮਾਨੀ ਆਪਣੇ ਆਪ ਖਤਮ ਹੋ ਜਾਵੇਗੀ : ਡਾ. ਅਜੇ ਬੱਗਾ



**ਹੁਸ਼ਿਆਰਪੁਰ (ਤਰਸੇਮ ਦੀਵਾਨਾ)** ਅੱਜ ਦੇ ਯੁੱਗ ਵਿੱਚ ਜੇਕਰ ਕੋਈ ਅਧਿਕਾਰੀ ਜਾਂ ਸੰਸਥਾ ਆਪਣਾ ਕੰਮ ਇਮਾਨਦਾਰੀ ਨਾਲ ਕਰਦੀ ਹੈ, ਤਾਂ ਸਮਾਜ ਵੱਲੋਂ ਸਮੇਂ-ਸਮੇਂ 'ਤੇ ਉਨ੍ਹਾਂ ਲੋਕਾਂ ਨੂੰ ਇਨਾਮ ਦੇਣਾ ਬਹੁਤ ਜ਼ਰੂਰੀ ਹੈ ਤਾਂ ਜੋ ਉਨ੍ਹਾਂ ਵਿੱਚ ਹਮੇਸ਼ਾ ਇਮਾਨਦਾਰੀ ਨਾਲ ਕੰਮ ਕਰਨ ਦਾ ਮਨੋਬਲ ਬਣਿਆ ਰਹੇ। ਉਪਰੋਕਤ ਸ਼ਬਦ ਪ੍ਰਸਿੱਧ ਸਮਾਜ ਸੇਵਕ ਅਤੇ "ਸਵੇਰਾ ਸੰਸਥਾ" ਦੇ ਸੰਸਥਾਪਕ ਡਾ. ਅਜੇ ਬੱਗਾ ਨੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਵਾਲੇ ਇੰਸਪੈਕਟਰ ਸੁਭਾਸ਼ ਭਗਤ ਦਾ ਸਨਮਾਨ ਕਰਦੇ ਹੋਏ ਕਹੇ। ਡਾ. ਅਜੇ ਬੱਗਾ ਨੇ ਕਿਹਾ ਕਿ ਜੇਕਰ ਅਸੀਂ ਇਮਾਨਦਾਰੀ ਨਾਲ ਖੜ੍ਹੇ ਹਾਂ, ਤਾਂ ਬੇਈਮਾਨੀ ਆਪਣੇ ਆਪ ਮਰ ਜਾਵੇਗੀ। ਇਸ ਮੌਕੇ ਸਮਾਜ ਸੇਵਕ ਸੰਜੀਵ ਤਲਵਾੜ ਨੇ ਕਿਹਾ ਕਿ ਸੰਗਠਨ ਵੱਲੋਂ ਸ਼ੁਰੂ ਕੀਤਾ ਗਿਆ ਇਹ ਕੰਮ ਸ਼ਲਾਘਾਯੋਗ ਹੈ। ਤਲਵਾੜ ਨੇ ਕਿਹਾ ਕਿ ਸਮਾਜਿਕ ਜੀਵਨ ਜਿਊਣ ਵਾਲੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਨੂੰ ਸ਼ਕਤੀ ਨਾਲ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਨਾਲ ਖੜ੍ਹਾ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸੰਗਠਨ ਉਨ੍ਹਾਂ ਲੋਕਾਂ ਨੂੰ 5100 ਰੁਪਏ ਦਾ ਨਕਦ ਇਨਾਮ ਦੇ ਕੇ ਸਨਮਾਨਿਤ ਵੀ ਕਰੇਗਾ ਜੋ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਹਨ ਅਤੇ ਇਹ ਸਨਮਾਨ ਟ੍ਰੈਫਿਕ ਇੰਸਪੈਕਟਰ ਦੇ ਨਿਰਦੇਸ਼ਾਂ 'ਤੇ ਹੀ ਦਿੱਤਾ ਜਾਵੇਗਾ। ਇਸ ਮੌਕੇ ਸੇਵੇਰਾ ਦੇ ਪ੍ਰਧਾਨ ਅਵਨੀਸ਼ ਓਹਰੀ, ਰਾਮ-ਚਰਿਤਮਾਨਸ ਦੇ ਹਰੀ ਸੈਣੀ, ਸੁਨੀਲ ਪ੍ਰਿਯਾ, ਸਭਿਅਚਾਰ ਸੰਮਤੀ ਦੇ ਪ੍ਰਧਾਨ ਕੁਲਵਿੰਦਰ ਜੰਡੋ, ਜਨਰਲ ਸਕੱਤਰ ਹਰਬੰਸ ਸਿੰਘ, ਕਮਲ, ਮਦਨ ਲਾਲ ਕਲਸੀ ਆਦਿ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਵਿਦੇਸ਼ਾਂ ਦੀ ਧਰਤੀ ਤੇ ਹਰੇਕ ਮਨੁੱਖ ਦੀਆਂ ਲੋੜਾਂ ਦਾ ਧਿਆਨ ਰੱਖਿਆ ਜਾਂਦਾ ਹੈ : ਡਾ ਹਰੀ ਕ੍ਰਿਸ਼ਨ ਬੰਗਾ



**ਬੰਗਾ (ਚਰਨਜੀਤ ਸੱਲ੍ਹਾਂ )**ਵਦੇਸ਼ ਦੀ ਧਰਤੀ ਤੇ ਵਸੇ ਵੱਖ ਵੱਖ ਧਰਮਾਂ, ਨਸਲਾਂ ਅਤੇ ਵੱਖ ਵੱਖ ਦੇਸ਼ਾਂ ਤੋਂ ਆਏ ਲੋਕਾਂ ਦਾ ਇੱਕੋ ਇੱਕ ਮਕਸਦ ਪੈਸਾ ਕਮਾਉਣਾ ਹੈ। ਕਿਉਂਕੇ ਅਸੀਂ ਵਦੇਸ਼ ਨੂੰ ਆਪਣੇ ਦੇਸ਼ ਤੋਂ ਵਦੀਆ ਮੁਲਕ ਮੰਨਦੇ ਹਾਂ।ਏਸੇ ਲਈ ਕਰਜ਼ਾ ਚੁੱਕ ਚੁੱਕ ਕੇ ਆਉਂਦੇ ਹਾਂ।

ਇੱਥੇ ਪੈਸਾ ਕਮਾਉਣ ਲਈ ਵਦੀਆ ਮਾਹੌਲ ਅਤੇ ਵਦੀਆ ਕੰਮ ਕਰਨ ਦੀਆਂ ਸਹੂਲਤਾਂ ਹਨ। ਇੱਥੇ ਕਾਰੀਗਰ ਦੀ ਸਰੀਰਕ ਅਤੇ ਦਿਮਾਗੀ ਤੋਰ ਤੇ ਸੇਹਿਤ ਦਾ ਖਿਆਲ ਰੱਖਿਆ ਜਾਂਦਾ ਹੈ। ਉਸ ਨੂੰ ਇੱਜਤ ਨਾਲ ਬੁਲਾਇਆ ਜਾਂਦਾ ਹੈ। ਕੰਮ ਕਰਨ ਵਾਲੇ ਸਾਰੇ ਮਜ਼ਦੂਰ ਹਨ ਕੋਈ ਛੋਟਾ ਤੇ ਕੋਈ ਵੱਡਾ ਮਜ਼ਦੂਰ ਹੈ। ਸਾਡੇ ਵਾਂਗ ਨਹੀਂ,ਬਿਨਾਂ ਉਸਦੀ ਉਮਰ ਦਾ ਖਿਆਲ ਕੀਤਿਆਂ ਮਾੜੀ ਬੋਲੀ ਨਾਲ ਬੁਲ-ਾਉਣਾ। ਕਿਤੇ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਬਾਥਰੂਮ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਤਾਂ ਕੇ ਕਿਸੇ ਨੂੰ ਵੀ ਅਣ ਸਮਾਜਿਕ ਨਾ ਲੱਗੇ। ਵਿਦੇਸ਼ ਵਿੱਚ ਤੁਸੀਂ ਕਿਤੇ ਵੀ ਰਹਿੰਦੇ ਹੋ ਮਤਲਬ ਸ਼ਹਿਰ ਜਾਂ ਦੂਰ ਦਰਾਡੇ, ਤੁਹਾਡੀਆਂ ਮੁੱਢਲੀਆਂ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ ਜਿਵੇਂ ਡਾਕਟਰੀ ਸਹੂਲਤਾਂ, ਐਮਰਜੰਸੀ ਸੇਵਾਵਾਂ, ਫਾਇਰ ਬਰਗੇਡ ਅਤੇ ਕੁਦਰਤੀ ਆਫ਼ਤਾਂ ਆਦੀ। ਸੜਕਾਂ,ਪਾਣੀ ਅਤੇ ਵਾਤਾਵਰਣ ਦਾ ਪੂਰਾ ਖਿਆਲ ਰੱਖਿਆ ਜਾਂਦਾ।ਹਰ ਸੁੱਖ ਸਹੂਲਤ ਦੇਣ ਵਾਲੇ ਯੰਤਰ ਦਾ ਖਿਆਲ ਰੱਖਿਆ ਜਾਂਦਾ, ਸਮੇਂ ਸਮੇਂ ਸਿਰ ਉਸਦੀ ਜਾਂਚ ਕੀਤੀ ਜਾਂਦੀ। ਵਦੇਸ਼ ਵਿੱਚ ਇਨਸਾਨ ਤਾਂ ਕੀ ਪਸ਼ੂ ਪੰਛੀਆਂ ਦਾ ਵੀ ਪੂਰਾ ਖਿਆਲ ਰੱਖਿਆ ਜਾਂਦਾ, ਉਹਨਾਂ ਦੀ ਤਕਲੀਫ ਦਾ ਹੱਲ ਵੀ ਇਨਸਾਨਾਂ ਦੀ ਐਮਰਜੰਸੀ ਵਾਂਗ ਪੂਰੀ ਵਾਹ ਦਾਅ ਲਾ ਕੇ ਕੀਤਾ ਜਾਂਦਾ।ਉਹਨਾਂ ਦੇ ਰਹਿਣ ਸਹਿਣ ਦਾ ਕੁਦਰਿਤ ਤੋਰ ਤੇ ਰਾਖਵਾਂਕਰਨ ਕੀਤਾ ਜਾਂਦਾ। ਵਦੇਸ਼ ਵਿੱਚ ਮੁੱਢਲੇ ਅਧਿਕਾਰਾਂ ਦਾ ਖਿਆਲ ਰੱਖਿਆ ਜਾਂਦਾ, ਹਰ ਇੱਕ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਆ, ਫੇਰ ਚਾਹੇ ਉਹ ਧਾਰਮਿਕ ਹੋਣ ਜਾਂ ਰਾਜਨੀਤਕ। ਇਹ ਹਰ ਧਰਮ, ਮੱਜਬ ਦਾ ਸਤਿਕਾਰ ਕਰਦੇ ਆ ਅਤੇ ਪੂਜਾ ਪਾਠ ਦੀ ਖੁੱਲ ਦਿੰਦੇ ਹਨ। ਤੁਸੀਂ ਆਪਣਾ ਧਾਰਮਿਕ ਅਸਥਾਨ ਬਣਾ ਸਕਦੇ ਹੋ, ਉਸ ਨੂੰ ਬਣਾਉਣ ਵਿੱਚ ਵੀ ਮੱਦਦ ਕਰਦੇ ਆ।

ਇਹ ਲੋਕੀ ਧਰਮ ਦਾ ਢੋਂਗ ਨਹੀਂ ਕਰਦੇ, ਪਰ ਇਨਸਾਨੀਅਤ ਪੂਰੀ ਨਿਭਾਉਂਦੇ ਹਨ, ਕਿਸੇ ਦਾ ਦੁੱਖ ਦਰਦ ਨਹੀਂ ਦੇਖ ਸਕਦੇ। ਹੁਣ ਸਾਡਾ ਵੀ ਕੁੱਝ ਫਰਜ਼ ਬਣਦਾ ਕਿ ਸਾਨੂੰ ਦਿਤੀਆਂ ਜਾਣ ਵਾਲੀਆਂ ਸੁੱਖ ਸਹੂਲਤਾਂ ਦਾ ਸਦੀਵੀ ਸੁੱਖ ਮਾਨਣ ਲਈ ਆਪਣਾ ਬਣਦਾ ਯੋਗਦਾਨ ਪਾਈਏ। ਜਿਸ ਦੇਸ਼ ਵਿੱਚ ਹੋ ਉਥੋਂ ਦੇ ਕਾਨੂੰਨ ਦਾ ਪਾਲਣ ਕਰੀਏ, ਸਾਥ ਦੇਈਏ ਅਤੇ ਇੱਕ ਚੰਗੇ ਨਾਗਰਿਕ ਹੋਣ ਦਾ ਸਬੂਤ ਦੇਈਏ।

ਪਰ ਅਫਸੋਸ ਸਾਡੇ ਕੁੱਝ ਸਾਥੀ ਆਪਣੀਆਂ ਨਿੱਜੀ ਸੁਆਰਥ ਦੀ ਪੂਰਤੀ ਲਈ ਆਪਣੇ ਲੋਕਾਂ ਨੂੰ ਗੁਮਰਾਹ ਕਰਕੇ ਸਮਾਜ ਨੂੰ ਧੋਖਾ ਦਿੰਦੇ ਹਨ, ਜਿਹੜਾ ਆਉਣ ਵਾਲੀ ਜਨਰੇਸ਼ਨ ਲਈ ਘਾਤਕ ਸਿੱਧ ਹੋਊਗਾ।

**ਹਰੀ ਕ੍ਰਿਸ਼ਨ ਬੰਗਾ**
**ਜਨਰਲ ਸੈਕਟਰੀ**
**ਆਦਰਸ਼ ਸੋਸ਼ਲ ਵੈਲਫ਼ੇਅਰ ਸੋਸਾਇਟੀ**

# ਲੋਕ ਇਨਸਾਫ਼ ਮੰਚ ਵਲੋਂ ਡੇਰਾ ਮਈਆ ਭਗਵਾਨ ਦੇ ਸਾਹਮਣੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਧਰਨੇ ਅੱਠਵੇਂ ਦਿਨ ਵਿਸ਼ਾਲ ਮਾਰਚ ਕਰਕੇ ਫੂਕੀ ਪੰਚਾਇਤ ਮੰਤਰੀ ਦੀ ਅਰਥੀ

**ਫਿਲੌਰ/ਅੱਪਰਾ (ਦੀਪਾ)**-ਲੋਕ ਇਨਸਾਫ਼ ਮੰਚ ਵਲੋਂ ਡੇਰਾ ਮਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫਤਰ ਫਿਲੌਰ ਸਾਹਮਣੇ ਪੱਕੇ ਧਰਨੇ ਅੱਜ ਅੱਠਵੇਂ ਦਿਨ ਸ਼ਹਿਰ ਫ਼ਿਲੌਰ ਵਿੱਚ ਵਿਸ਼ਾਲ ਮਾਰਚ ਕਰਕੇ ਪੰਚਾਇਤ ਮੰਤਰੀ ਪੰਜਾਬ ਦੀ ਅਰਥੀ ਫੂਕ ਕੇ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਜਲਦ ਮਸਲਾ ਹੱਲ ਨਾ ਕੀਤਾ ਗਿਆ ਤਾਂ ਲੋਕ ਇਨਸਾਫ਼ ਮੰਚ ਵੱਲੋ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈਕੇ 23 ਜੁਲਾਈ ਨੂੰ ਹਲਕਾ ਇੰਚਾਰਜ ਦੇ ਦਫਤਰ ਦਾ ਘਿਰਾਓ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਸਥਾਨਕ ਪ੍ਰਸ਼ਾਸ਼ਨ ਦੀ ਹੋਵੇਗੀ। ਆਗੂਆਂ ਨੇ ਕਿਹਾ ਕਿ ਜਲਦੀ ਹੀ ਬੀ ਡੀ ਪੀ ਓ ਫ਼ਿਲੌਰ ਦੇ ਘਰ ਸਾਹ-ਮਣੇ ਰਾਤ ਦਾ ਜਗਰਾਤਾ ਕੀਤਾ ਜਾਵੇਗਾ। ਅੱਜ ਅੱਠਵੇਂ ਦਿਨ ਭਾਰਤੀ ਕਿਸਾਨ ਯੂਨੀਅਨ ਦੁਆਬਾ ਆਗੂਆਂ ਤਰਸੇਮ ਸਿੰਘ ਢਿੱਲੋ, ਸੁਰਿੰਦਰ ਪਾਲ ਸਿੰਘ, ਰਣਜੀਤ ਸਿੰਘ ਖੇਲਾ, ਤੇਜਾ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸੰਤੋਖ ਸਿੰਘ ਸੰਧੂ ,ਸਤਨਾਮ ਸਿੰਘ, ਜਨਰਲ ਮਜਦੂਰ ਯੂਨੀਅਨ ਦੇ ਸਿਕੰਦਰ ਸਿੰਘ ਸੰਧੂ, ਪਰਵਿੰਦਰ ਸਿੰਘ, ਕਸ਼ਮੀਰ ਕੁਰੈਸ਼ੀ,ਪੰਜਾਬ ਸੁਬਾਰਡੀਨਟ ਸਰਵਸਿਸ ਫੈਡਰੇਸ਼ਨ ਦੇ ਤੀਰਥ ਸਿੰਘ ਬਾਸੀ, ਬਲਵੀਰ ਗੁਰਾਇਆ, ਕਰਨੈਲ ਮਹਾਹਲ , ਲੇਖ ਰਾਜ ਪੰਜਾਬੀ, ਬਖਸ਼ੀ ਰਾਮ ਕੰਗ, ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਕਰਨੈਲ ਫ਼ਿਲੌਰ, ਜਸਵੀਰ ਚੁੰਬਰ, ਮਨਦੀਪ ਸਿੰਘ, ਰਾਕੇਸ਼ ਕੁਮਾਰ, ਜਗਸੀਰ ਸਿੰਘ, ਦੀਪਕ , ਕਰਨ ਸਿੰਘ, ਪੂਜਾ ਪੁੰਡਰਕ, ਅੰਜੂ ਵਿਰਦੀ , ਸੁਨੀਤਾ ਰਾਣੀ, ਮਿਡ ਡੇ ਮੀਲ ਵਰਕਰਜ ਯੂਨੀਅਨ ਕਮਲਜੀਤ ਕੌਰ, ਜਸਵਿੰਦਰ ਕੌਰ, ਆਰਤੀ ਰਾਣੀ, ਔਰਤ ਮੁਕਤੀ ਮੋਰਚਾ ਦੇ ਸੁਨੀਤਾ ਫ਼ਿਲੌਰ, ਹੰਸ ਕੌਰ, ਕਮਲਜੀਤ, ਗੈਜੋ, ਸੁਰਜੀਤ ਕੌਰ, ਸਮਰੀਤ ਆਦਿ ਨੇ ਸੰਬੋਧਨ ਕੀਤਾ।

ਇਸ ਮੌਕੇ ਧਰਨੇ ਦੀ ਅਗਵਾਈ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਆਗੂਆਂ ਜਰਨੈਲ ਫਿਲੌਰ, ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ, ਐਡਵੋਕੇਟ ਸੰਜੀਵ ਕੁਮਾਰ ਭੌਰਾ, ਡਾਕਟਰ ਸੰਦੀਪ ਕੁਮਾਰ, ਲਾਡੀ ਮਹਿਸਮਪੁਰ,ਡਾਕਟਰ ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਰਾਮਜੀ ਦਾਸ ਗੰਨਾ ਪਿੰਡ, ਰਾਜਵਿੰਦਰ ਸਿੰਘ ਮੁਠੱਡਾ,ਜਸਵੰਤ ਬੋਧ , ਰਵੀ ਕਲੇਰ, ਸਰਬਜੀਤ ਸਾਬਕਾ ਸਰਪੰਚ ਰਾਮਗੜ੍ਹ, ਪਰਵਿੰਦਰ ਫਲਪੋਤਾ ਆਦਿ ਨੇ ਕਿਹਾ ਕਿ ਜਦੋਂ ਤੱਕ ਮਸਲਾ ਹੱਲ ਨਹੀਂ ਹੁੰਦਾਂ ਇਹ ਧਰਨਾ ਪੱਕੇ ਤੌਰ ਤੇ ਚਲਦਾ ਰਹੇਗਾ। ਓਹਨਾਂ ਕਿਹਾ ਕਿ



ਅਗਲੇ ਐਕਸ਼ਨ ਦੀ ਤਿਆਰੀ ਪਿੰਡ ਪਿੰਡ ਜਾ ਕੇ ਸ਼ੁਰੂ ਕੀਤੀ ਜਾ ਰਹੀ ਹੈ ਇਇਸ ਮੌਕੇ ਮੰਗਤ ਰਾਮ ਸਮਰਾ ਸਰਪੰਚ ਫਰਵਾਲਾ, ਸੰਦੀਪ ਕੌਰ ਸਰਪੰਚ ਰਾਮਗੜ੍ਹ, ਮੁਖਤਿਆਰ ਚੰਦ ਸਾਬਕਾ ਸਰਪੰਚ ਗੰਨਾ ਪਿੰਡ, ਧਰਮਿੰਦਰ ਪੰਚ ਗੰਨਾ ਪਿੰਡ,ਗੁਲਸ਼ਨ ਗੰਨਾ ਪਿੰਡ, ਖੀਰਾ ਗੰਨਾ ਪਿੰਡ, ਰਾਜਿੰਦਰ ਗੰਨਾ ਪਿੰਡ, ਹਰਵਿੰਦਰ ਸ਼ੇਖੂਪੁਰ, ਸੋਨੀ ਦੋਸਾਂਝ ਖੁਰਦ, ਗੁਰਦਿਆਲ ਭੁੱਲੇਵਾਲ, ਅਵਤਾਰ ਸਿੰਘ ਭੁਲੇਵਾਲ, ਨਿਰਮਲ ਸਿੰਘ ਭੁਲੇਵਾਲ, ਰਮਨ, ਪ੍ਰਭਜੀਤ ਤੇ ਕੇਵਲ ਸਿੰਘ ਭੁਲੇਵਾਲ, ਗੁਰਮੀਤ ਮਿਆਂਵਆਲ, ਜਰਨੈਲ ਪੰਚ ਜੌਹਲਾਂ, ਕੁਲਦੀਪ ਸਿੰਘ ਸਰਪੰਚ ਆਲੋਵਾਲ, ਬਿੱਟੂ ਫ਼ਿਲੌਰ,ਚਰਨ ਸਿੰਘ ਗੜਾਂ ਪੰਚ, ਸੰਦੀਪ ਗੰਨਾ ਪਿੰਡ,ਸਰੂਪ ਕਲੇਰ, ਯਸ਼ਪਾਲ ਰੇਵਿਦ-ਾਸਪੁਰਾ, ਪ੍ਰਿਥੀ ਰਾਜ ਰਾਣਾ, ਅਜੇ ਹਮਸਰ, ਸੁਨੀਲ ਗੰਨਾ ਪਿੰਡ, ਰਾਹੁਲ ਕੋਰੀ, ਬੂਟਾ ਰਾਮ ਸਾਬਕਾ ਪੰਚ, ਮੱਘਰ ਜਗਤਪੁਰ, ਗੁਰਮੇਲ ਮੁਠੱਡਾ, ਸੋਢੀ ਰਾਮ ਕਤਪਲੋਂ, ਗੁਰਦੀਪ ਪੰਚ ਰਾਮਗੜ੍ਹ, ਜਸਵਿੰਦਰ ਰਾਮਗੜ੍ਹ, ਪਰਮਿੰਦਰ ਕੁਮਾਰ ਰਾਮਗੜ੍ਹ, ਰਾਜ ਕੁਮਾਰ ਰਾਮਗੜ੍ਹ, ਜਗਦੀਸ ਕੁਮਾਰ ਰਾਮਗੜ੍ਹ, ਸੁਰਿੰਦਰ ਕੌਰ ਪੰਚ, ਜੋਗਿੰਦਰ ਪਾਲ ਕਾਲਾ, ਗੋਬਿੰਦ ਰਾਮ, ਚਰਨਜੀਤ ਜਗਤਪੁਰ, ਸਤਿਆ ਜਗਤ ਪੁਰ, ਰਾਕੇਸ਼ ਜਗਤਪੁਰ, ਰਾਹੁਲ ਗਾਭਾ ਰਾਮਗੜ੍ਹ, ਗੁਰਮੇਲ ਮੁਠੱਡਾ, ਸੂਰਜ ਭੌਰਾ, ਕਸ਼ਮੀਰੀ ਲਾਲ, ਹੰਸ ਕੌਰ ਕਲੇਰ, ਸੁਨੀਤਾ ਫ਼ਿਲੌਰ, ਮੀਨੂ ਮੁਠੱਡਾ, ਕਮਲਜੀਤ ਮੁਠੱਡਾ, ਗੇਜੋ ਮੁਠੱਡਾ, ਮਮਤਾ ਰਾਣੀ, ਕਮਲਜੀਤ ਕੌਰ, ਬੀਬੀ ਕੁਸ਼ਲਿਆ, ਸੋਮਾ ਰਾਣੀ, ਕਾਂਤਾ ਦੇਵੀ, ਸ਼ਕੁੰਤਲਾ, ਕਮਲਜੀਤ ਕੌਰ, ਕਾਜਲ ਫ਼ਿਲੌਰ, ਦੀਪਾਂ ਫ਼ਿਲੌਰ,ਅਤੇ ਸੁਰਿੰਦਰ ਕੌਰ ਆਦਿ ਹਾਜ਼ਰ ਸਨ।

# ਸਾਉਣ ਮਹੀਨੇ ਦੀ ਮਹੱਤਤਾ

ਸਾਉਣ ਜਾਂ ਸਾਵਣ ਦਾ ਮਹੀਨਾ ਦੇਸੀ ਮਹੀਨਿਆਂ ਵਿੱਚ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੰਜਵਾਂ ਮਹੀਨਾ ਹੈ। ਇਹ ਗ੍ਰੇਗਰੀ ਅਤੇ ਜੁਲੀਅਨ ਕੈਲੰਡਰਾਂ ਦੇ ਅਨੁਸਾਰ ਜੁਲਾਈ ਮਹੀਨੇ ਦੇ ਪਿਛਲੇ ਅੱਧ ਅਤੇ ਅਗਸਤ ਮਹੀਨੇ ਦੇ ਪਹਿਲੇ ਅੱਧ ਵਿੱਚ ਆਉਂਦਾ ਹੈ। ਸਾਵਣ ਮਹੀਨੇ ਦੀ ਹਿੰਦੂ ਅਤੇ ਸਿੱਖ ਧਰਮਾਂ ਵਿੱਚ ਅਧਿਆਤਮਕ ਮਹੱਤਤਾ ਵੀ ਬਹੁਤ ਹੈ। ਗੁਰਬਾਣੀ ਵਿੱਚ ਇਸ ਮਹੀਨੇ ਨਾਲ਼ ਸੰਬੰਧਿਤ ਦੋਵੇਂ ਬਾਰਹਮਾਹਾ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਹੁਤ ਸ਼ਬਦ ਦਰਜ ਹਨ। ਜਿਨ੍ਹਾਂ ਵਿੱਚ ਇੱਕੋ ਗੱਲ ਸਮਝਾਈ ਗਈ ਹੈ ਕਿ ਸਾਵਣ ਮਹੀਨੇ ਦੇ ਮੌਸਮ ਦਾ ਪ੍ਰਭਾਵ ਜ਼ਿੰਦਗੀ ਉੱਤੇ ਜਿਸ ਤਰ੍ਹਾਂ ਪੈਂਦਾ ਹੈ ਉਸੇ ਤਰ੍ਹਾਂ ਹੀ ਮਨੁੱਖੀ ਮਨ ਦੀ ਅਵਸਥਾ ਹੁੰਦੀ ਹੈ। ਜਿਵੇਂ:

"ਰੁਤਿ ਬਰਸੁ ਸੁਹੇਲੀਆ; ਸਾਵਣ ਭਾਦਵੇ ਆਨੰਦ ਜੀਉ ॥ "

ਭਾਵ ਹੇ ਸਹੇਲੀਏ ! ਜਿਵੇਂ ਵਰਖਾ-ਰੁੱਤ ਬੜੀ ਸੁਖਦਾਈ ਹੁੰਦੀ ਹੈ, ਸਾਵਣ ਅਤੇ ਭਾਦਰੋਂ ਦੇ ਮਹੀਨਿਆਂ ਵਿੱਚ ਵਰਖਾ ਦੇ ਕਾਰਨ ਬੜਾ ਅਨੰਦ ਬਣਿਆ ਰਹਿੰਦਾ ਹੈ।

ਗੁਰੂ ਨਾਨਕ ਸਾਹਿਬ ਜੀ ਦੁਆਰਾ ਤੁਖਾਰੀ ਰਾਗ ਵਿੱਚ ਰਚੇ ਬਾਰਹਮਾਹਾ ਦੇ 9ਵੇਂ ਪਦੇ ਸਾਵਣ ਮਹੀਨੇ 'ਚ ਦਿੱਤੇ ਸੁਨੇਹੇ ਅਨੁਸਾਰ :


ਸਾਵਣਿ, ਸਰਸ ਮਨਾ; ਘਣ ਵਰਸਹਿ ਰੁਤਿ ਆਏ ॥

ਭਾਵ ਹਾੜ ਮਹੀਨੇ ਦੀ ਅੱਤ ਦੀ ਤਪਸ਼ ਨਾ਼ਲ ਘਾਹ ਆਦਿਕ ਸੁੱਕ ਜਾਂਦੇ ਹਨ, ਜਿਸ ਪਿੱਛੋਂ ਸਾਉਣ ਮਹੀਨੇ 'ਚ ਕਾਲੀਆਂ ਘਟਾਵਾਂ ਛਾ ਜਾਂਦੀਆਂ ਹਨ। ਪਸ਼ੂ, ਪੰਛੀ, ਮਨੁੱਖ ਤਾਂ ਕਿਤੇ ਰਹੇ, ਸੁੱਕਾ ਹੋਇਆ ਘਾਹ ਭੀ ਹਰਾ ਹੋ ਜਾਂਦਾ ਹੈ। ਇਹ ਹਰਿਆਵਲ ਵੇਖ ਹਰੇਕ ਪ੍ਰਾਣੀ ਬੋਲਦਾ ਹੈ। ਹੇ ਮੇਰੇ ਮਨ ! ਸਾਵਣ ਮਹੀਨੇ 'ਚ ਵਰਖਾ ਦੀ ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਹਨ, ਹੁਣ ਤੂੰ ਵੀ ਹਰਾ ਹੋ ਜਾਹ ਤੂੰ ਵੀ ਖਿੜ ਜਾਹ। ਇਸ ਤਰ੍ਹਾਂ ਸਿੱਖ ਧਰਮ ਵਿੱਚ ਸਾਵਣ ਮਹੀਨੇ ਦੀ ਅਧਿਆਤਮਕ ਮਹੱਤਤਾ ਵੀ ਬਹੁਤ ਜ਼ਿਆਦਾ ਹੈ।

ਹਿੰਦੂ ਧਰਮ ਵਿੱਚ ਵੀ ਸਾਉਣ ਮਹੀਨੇ ਦਾ ਖ਼ਾਸ ਮਹੱਤਵ ਮੰਨਿਆ ਗਿਆ ਹੈ। ਇਹ ਮਹੀਨਾ ਭਗਵਾਨ ਸ਼ਿਵ ਅਤੇ ਮਾਤਾ ਪਾਰਵਤੀ ਨੂੰ ਸਮਰਪਿਤ ਹੈ। ਵੈਦਿਕ ਚਿੰਤਨ ਪ੍ਰੰਪਰਾ 'ਚ ਸਾਉਣ ਮਹੀਨੇ ਦਾ ਸਬੰਧ ਵੇਦ ਸ਼ਾਸਤਰਾਂ ਦੇ ਅਧਿਐਨ, ਸੁਣਨ, ਪੜ੍ਹਣ ਅਤੇ ਉਨ੍ਹਾਂ ਦੇ ਚਿੰਤਨ-ਮਨਨ ਨਾਲ ਹੈ। ਸਾਉਣ ਦਾ ਅਰਥ ਹੈ ਸੁਣਨਾ ਭਾਵ ਪ੍ਰਾਚੀਨ ਕਾਲ 'ਚ ਗ੍ਰਹਿਸਥੀ ਲੋਕ ਰਿਸ਼ੀ-ਮੁਨੀਆਂ ਦੇ ਮੁੱਖ ਤੋਂ ਇਸ ਸਾਉਣ ਮਹੀਨੇ 'ਚ ਅਧਿਆਤਮਕਤਾ ਦੇ ਗੂੜ੍ਹੇ ਰਹੱਸਾਂ ਨੂੰ ਸੁਣਿਆ ਕਰਦੇ ਸਨ ਤੇ ਫਿਰ ਆਪ ਵੇਦ ਆਦਿ ਗ੍ਰੰਥਾਂ ਦਾ ਸਵੈ-ਅਧਿਐਨ ਕਰਦੇ ਸਨ।ਜਿਸ ਕਰਕੇ ਸ਼ੁਰੂ ਤੋਂ ਹੀ ਇਸ ਪੂਰੇ ਮਹੀਨੇ ਵਿੱਚ ਲੋਕਾਂ ਵਿੱਚ ਧਾਰਮਿਕ ਭਾਵ ਬਹੁਤ ਪ੍ਰਬਲ ਰਿਹਾ ਹੈ। ਸਨਾਤਨ ਧਰਮ ਵਿੱਚ ਸਾਉਣ ਦਾ ਮਹੀਨਾ ਇਸ ਲਈ ਵਿਸ਼ੇਸ਼ ਮਹੱਤਵ ਵਾਲਾ ਮੰਨਿਆ ਜਾਂਦਾ ਹੈ ਕਿ ਇਸ ਮਹੀਨੇ ਵਿੱਚ ਭਗਵਾਨ ਸ਼ਿਵ ਪੂਰੇ ਬ੍ਰਹਿਮੰਡ ਨੂੰ ਸੰਚਾਰ ਕਰਦੇ ਹਨ। ਅਜਿਹੀ ਸਥਿਤੀ ਵਿੱਚ, ਉਹ ਆਪਣੇ ਸ਼ਰਧਾਲੂਆਂ ਦੀਆਂ ਪ੍ਰਾਰਥਨਾਵਾਂ ਨੂੰ ਆਸਾਨੀ ਨਾਲ ਸੁਣਦੇ ਹਨ। ਸਾਉਣ ਦੌਰਾਨ ਭਗਵਾਨ ਸ਼ਿਵ ਦੀ ਪੂਜਾ-ਅਰਚਨਾ ਕਰਨ ਦੇ ਨਾਲ-ਨਾਲ ਉਹ ਸ਼ਿਵਲਿੰਗ ਦਾ ਜਲਾਭਿਸ਼ੇਕ, ਦੁੱਧ ਅਭਿਸ਼ੇਕ ਕਰਾਕੇ,ਬੇਲ ਪੱਤਰ, ਫ਼ਲ ਅਤੇ ਹੋਰ ਬਹੁਤ ਕੁਝ ਚੜ੍ਹਾ ਕੇ ਬਹੁਤ ਖੁਸ਼ ਹੁੰਦੇ ਹਨ। ਇਸ ਦੇ ਨਾਲ ਹੀ ਸਾਉਣ ਦੌਰਾਨ ਕਾਂਵੜ ਯਾਤਰਾ ਦਾ ਵੀ ਵਿਸ਼ੇਸ਼ ਮਹੱਤਵ ਹੈ। ਸ਼ਿਵ ਦਾ ਅਰਥ ਹੈ ਕਲਿਆਣ ਹੈ,ਇਸ ਲਈ ਸਾਉਣ ਮਹੀਨੇ 'ਚ ਕੀਤੀ ਗਈ ਸਾਧਨਾ, ਸੰਜਮ ਨਾਲ ਮਨੁੱਖ ਆਪਣੀ ਜ਼ਿੰਦਗੀ 'ਚ ਆਤਮਿਕ ਕਲਿਆਣ ਨੂੰ ਪ੍ਰਾਪਤ ਕਰਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਮਹੀਨਾ ਅਧਿਆਤਮਿਕ ਵੈਦਿਕ ਯੱਗ ਦਾ ਪ੍ਰਤੀਕ ਹੈ, ਜੋ ਮਨੁੱਖ ਦੇ ਹਰ ਤਰ੍ਹਾਂ ਦੇ ਕਸ਼ਟਾਂ ਨੂੰ ਦੂਰ ਕਰਦਾ ਹੈ। ਇਸ ਮਹੀਨੇ ਅਧਿਆਤਮਿਕ ਸ਼ਕਤੀਆਂ ਨੂੰ ਸ਼ੁੱਧ ਕਰਕੇ ਸ਼ਿਵਤਵ ਦੇ ਆਲੌਕਿਕ ਮਾਰਗ 'ਤੇ ਵਧਣ ਅਤੇ ਆਪਣੇ ਜ਼ਿੰਦਗੀ ਵਿੱਚ ਸ਼ਿਵਤਵ ਨੂੰ ਗ੍ਰਹਿਣ ਕਰਨ ਦਾ ਪਵਿੱਤਰ ਸਮਾਂ ਮੰਨਿਆ ਜਾਂਦਾ ਹੈ। ਸਾਉਣ ਮਹੀਨੇ ਦੀ ਖੁਸ਼ੀ ਵਿੱਚ ਕਈ ਥਾਵਾਂ ਤੇ ਮੇਲੇ ਵੀ ਲਗਾਏ ਜਾਂਦੇ ਹਨ।

ਪੰਜਾਬੀ ਸੱਭਿਆਚਾਰ ਵਿੱਚ ਸਾਉਣ ਮਹੀਨੇ ਦਾ ਖ਼ਾਸ ਮਹੱਤਵ ਹੈ। ਇਸ ਮਹੀਨੇ ਮਾਪੇ ਜਿੱਥੇ ਆਪਣੀਆਂ ਵਿਆਹੀਆਂ ਧੀਆਂ ਨੂੰ ਸੰਧਾਰੇ ਭੇਜਦੇ ਹਨ, ਉੱਥੇ ਸਹੁਰੇ ਘਰ ਬੈਠੀਆਂ ਸਜ-ਵਿਆਹੀਆਂ ਦੇ ਮਨਾਂ ਅੰਦਰ ਆਪਣੇ ਪੇਕੇ ਘਰ ਜਾ ਕੇ ਆਪਣੀਆਂ ਸਖੀਆਂ ਨੂੰ ਮਿਲਣ ਦੀ ਤਾਂਘ ਹੁੰਦੀ ਹੈ। ਸਾਡੇ ਪੰਜਾਬੀ ਸੱਜਭਿਆਚਾਰ ਉੱਤੇ ਪੈ ਰਹੇ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਨੇ ਪਿੰਡਾਂ 'ਚੋਂ ਤੀਆਂ ਦੇ ਪਿੜ ਅਲੋਪ ਕਰ ਦਿੱਤੇ ਹਨ। ਅੱਜ ਤੋਂ ਤਿੰਨ-ਚਾਰ ਦਹਾਕੇ ਪਹਿਲਾਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਾਉਣ ਮਹੀਨੇ ਕੁੜੀਆਂ ਪਿੰਡ ਤੋਂ ਬਾਹਰ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਗਿੱਧਾ ਪਾਉਂਦੀਆਂ ਹੋਈਆਂ ਇੱਕ-ਦੂਜੀ ਨਾਲ ਦੁੱਖ ਸਾਂਝੇ ਕਰਦੀਆਂ ਸਨ। ਪਹਿਲਾਂ ਔਰਤਾਂ ਨੂੰ ਸਾਉਣ ਮਹੀਨੇ ਦੀ ਉਡੀਕ ਰਹਿੰਦੀ ਸੀ ਪਰ ਹੁਣ "ਸਾਉਣ ਮਹੀਨਾ ਦਿਨ ਤੀਆਂ ਦੇ ਪਿੱਪਲੀਂ ਪੀਂਘਾਂ ਪਾਈਆਂ" ਵਰਗੀਆਂ ਲੋਕ ਬੋਲੀਆਂ ਸਿਰਫ਼ ਬੋਲੀਆਂ ਹੀ ਬਣ ਕੇ ਰਹਿ ਗਈਆਂ ਹਨ ,ਜੋ ਸੱਥਾਂ ਵਿੱਚ ਨਹੀਂ ਬਲਕਿ ਸਟੇਜਾਂ ਜਾਂ ਕਲੱਬਾਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ। ਲੋਕਾਂ ਵਿੱਚੋਂ ਪਿਆਰ ਦੀ ਖਿੱਚ ਘਟਣ ਕਰ ਕੇ ਤੀਆਂ ਦਾ ਰੰਗ ਵੀ ਫਿੱਕਾ ਪੈ ਗਿਆ ਹੈ। ਪੰਜਾਬ ਦੇ ਰੰਗ-ਬਿਰੰਗੇ, ਨੱਚਣ-ਗਾਉਣ ਵਾਲੇ ਤਿਉਹਾਰਾਂ ਪਿੱਛੇ ਕੋਈ ਇੱਕ ਕਾਰਨ ਨਹੀਂ ਹੈ, ਇਨ੍ਹਾਂ ਪਿੱਛੇ ਬਹੁਤ ਅਜਿਹੇ ਕਾਰਨ ਹਨ, ਜੋ ਪੁਰਾਣੇ ਹੱਸਦੇ-ਵੱਸਦੇ ਪੰਜਾਬ ਦੇ ਖੁੱਲ੍ਹ-ਦਿਲੇ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਖ਼ਤਮ ਕਰ ਰਹੇ ਹਨ। ਸਾਉਣ ਮਹੀਨਾ ਅਤੇ ਇਸ ਵਿੱਚ ਮਨਾਏ ਜਾਣ ਵਾਲੇ ਤਿਉਹਾਰਾਂ ਦੇ ਰੰਗ ਬਹੁਤ ਖ਼ੂਬਸੂਰਤ ਹਨ।

ਵੈਸੇ ਵੀ ਸਾਉਣ ਦਾ ਮਹੀਨਾ ਉੱਤਰੀ ਭਾਰਤ ਦੇ ਲੋਕਾਂ ਲਈ ਬਹੁਤ ਮਹੱਤਵ ਰੱਖਦਾ ਹੈ। ਜੇਠ, ਹਾੜ ਦੀ ਅੰਤਾਂ ਦੀ ਗਰਮੀ ਤੋਂ ਬਾਅਦ ਸਾਉਣ ਦੇ ਮੀਂਹ ਜਿੱਥੇ ਲੂਸੀ ਹੋਈ ਧਰਤੀ ਤੇ ਪ੍ਰਕਿਰਤੀ ਉੱਤੇ ਠੰਡ ਪਾਉਂਦੇ ਹਨ ਉੱਥੇ ਲੋਕਾਂ ਨੂੰ ਵੀ ਗਰਮੀ ਤੋਂ ਰਾਹਤ ਮਿਲਦੀ ਹੈ। ਗਰਮੀ ਨਾਲ ਬਨਸਪਤੀ, ਫ਼ਸਲਾਂ ਆਦਿ ਦਾ ਬੁਰਾ ਹਾਲ ਹੋਇਆ ਹੁੰਦਾ ਹੈ। ਸਾਉਣ ਦੇ ਮੀਹਾਂ ਨਾ਼ਲ ਫ਼ਸਲਾਂ, ਫੁੱਲ, ਬੂਟੇ ਤੇ ਦਰੱਖਤ ਲਹਿਲਹਾਉਣ ਲੱਗਦੇ ਹਨ ਤੇ ਸਾਰੇ ਪਾਸੇ ਹਰਿਆਲੀ ਹੀ ਹਰਿਆਲੀ ਨਜ਼ਰ ਆਉਣ ਲੱਗਦੀ ਹੈ ਜਿਸਨੂੰ ਵੇਖ ਕੇ ਇੰਝ ਲੱਗਦਾ ਹੈ ਜਿਵੇਂ ਕੁਦਰਤ ਵਿੱਚ ਖੇੜਾ ਆ ਗਿਆ ਹੋਵੇ ਤੇ ਉਸ ਵਿੱਚ ਵੀ ਜੀਵਨ ਧੜਕ ਰਿਹਾ ਹੋਵੇ।



ਬਰਜਿੰਦਰ ਕੌਰ ਬਿਸਰਾਓ...
9988901324

# ਭਰਤੀ ਰੱਦ ਕਰਨ ਦਾ ਫ਼ੈਸਲਾ

ਭਰਤੀ ਰੱਦ ਕਰਨ ਦਾ ਇੱਕ ਫ਼ੈਸਲਾ ਸਿਰਫ਼ ਇੱਕ ਨੋਟੀਫਿਕੇਸ਼ਨ ਨਹੀਂ ਹੁੰਦਾ, ਇਹ ਹਜ਼ਾਰਾਂ ਨੌਜਵਾਨਾਂ ਦੇ ਸੁਪਨਿਆਂ ਨੂੰ ਕੱਚ ਦੀ ਤਰ੍ਹਾਂ ਤੋੜ ਦੇਂਦਾ ਹੈ। ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਇੰਨ੍ਹਾਂ ਭਰਤੀਆਂ ਨੂੰ ਲੈ ਕੇ ਜੋ ਆਸ ਜਗੀ ਸੀ, ਉਹ ਆਸ ਅਚਾਨਕ ਸਰਕਾਰ ਦੇ ਇਕੋ ਇਕ ਫ਼ੈਸਲੇ ਨਾਲ ਚਕਨਾਚੂਰ ਹੋ ਗਈ। ਲਾਇਬ੍ਰੇਰੀਅਨ ਅਤੇ ਪ੍ਰਧਾਨ ਅਧਿਆਪਕਾਂ ਦੀ ਭਰਤੀ (2021) ਜੋ ਕਿ ਸਵੈਮ ਸੇਵਾ ਚੋਣ ਬੋਰਡ ਰਾਹੀਂ ਕਰਵਾਈ ਜਾ ਰਹੀ ਸੀ, ਨੌਜਵਾਨਾਂ ਲਈ ਇਕ ਰੋਸ਼ਨੀ ਦੀ ਕਿਰਣ ਸੀ। ਬੇਰੁਜ਼ਗਾਰੀ ਦੇ ਹਨੇਰੇ ਵਿੱਚ ਇਹ ਇਕ ਅਜਿਹਾ ਮੌਕਾ ਸੀ ਜਿਸ ਨੂੰ ਲੈ ਕੇ ਕਈ ਨੌਜਵਾਨਾਂ ਨੇ ਆਪਣੀ ਉਮਰ, ਆਪਣਾ ਸਮਾਂ ਅਤੇ ਆਪਣੀ ਨੀਂਦ ਤਿਆਗ ਦਿੱਤੀ ਸੀ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਮਤਿਹਾਨ, ਦਸਤਾਵੇਜ਼ ਜਾਂਚ ਅਤੇ ਇੰਟਰਵਿਊ ਜਿਵੇਂ ਪੂਰੇ ਪ੍ਰਕਿਰਿਆਵਾਂ ਤੋਂ ਬਾਅਦ ਵੀ ਇਨ੍ਹਾਂ ਭਰਤੀਆਂ ਨੂੰ ਰੱਦ ਕਰ ਦਿੱਤਾ ਗਿਆ। ਇਹ ਨਾ ਸਿਰਫ਼ ਵਿਦਿਆਰਥੀਆਂ ਦੀ ਨੈਤਿਕਤਾ ਉੱਤੇ ਗੰਭੀਰ ਹਮਲਾ ਹੈ, ਸਗੋਂ ਇਹ ਸਿਸਟਮ 'ਤੇ ਭਰੋਸੇ ਨੂੰ ਡਗਮਗਾ ਦੇਂਦਾ ਹੈ। ਨੌਜਵਾਨ ਕਹਿੰਦੇ ਹਨ ਕਿ ਜੇਕਰ ਇੰਨਾ ਸਭ ਕੁਝ ਕਰ ਕੇ ਵੀ ਨੌਕਰੀ ਨਾ ਮਿਲੇ, ਤਾਂ ਫਿਰ ਸਾਨੂੰ ਸਿੱਖਣ ਦੀ, ਇਮਤਿਹਾਨਾਂ ਦੀ, ਅਤੇ ਸਚਾਈ ਨਾਲ ਮਿਹਨਤ ਕਰਨ ਦੀ ਕੀ ਲੋੜ? ਇੱਕ ਪਾਸੇ ਸਰਕਾਰ "ਗਰੰਟੀ ਭਰੋਸੇ ਦੀ" ਦੀ ਗੱਲ ਕਰਦੀ ਹੈ, "ਨੌਜਵਾਨਾਂ ਨੂੰ ਰੋਜ਼ਗਾਰ ਦੇਣ" ਦੇ ਵਾਅਦੇ ਕਰਦੀ ਹੈ, ਪਰ ਦੂਜੇ ਪਾਸੇ ਉਹਨਾਂ ਦੀ ਤਿਆਰੀਆਂ, ਉਮੀਦਾਂ ਅਤੇ ਭਵਿੱਖ ਨਾਲ ਖਿਲਵਾਰ ਕਰਦੀ ਹੈ। ਇਹ ਸਿਰਫ਼ ਰੋਜ਼ਗਾਰ ਦਾ ਮਾਮਲਾ ਨਹੀਂ, ਇਹ ਇਕ ਪੀੜ੍ਹੀ ਦੀ ਮਾਨਸਿਕ ਹਾਲਤ ਅਤੇ ਆਤਮ-ਭਰੋਸੇ ਦਾ ਮਾਮਲਾ ਹੈ। ਜਦੋਂ ਅਜਿਹੇ ਫ਼ੈਸਲੇ ਲਏ ਜਾਂਦੇ ਹਨ, ਤਦੋਂ ਨੌਜਵਾਨ ਆਪਣੇ ਆਪ 'ਤੇ ਨਹੀਂ, ਸਿਸਟਮ 'ਤੇ ਸ਼ੱਕ ਕਰਨਾ ਸ਼ੁਰੂ ਕਰਦੇ ਹਨ। ਇਸ ਭਰਤੀ ਨੂੰ ਰੱਦ ਕਰਨ ਦੀ ਕੋਈ ਢੁਕਵੀਂ ਤਰਕਸ਼ੀਲ ਵਜ੍ਹਾ ਵੀ ਨਹੀਂ ਦਿੱਤੀ ਗਈ। ਇੰਨਾ ਦੇਰ ਤੱਕ ਚੱਲੀ ਆ ਰਹੀ ਪ੍ਰਕਿਰਿਆ ਨੂੰ ਅਚਾਨਕ ਰੱਦ ਕਰਨਾ ਪ੍ਰਸ਼ਾਸਨਿਕ ਨਾਕਾਮੀ ਦੀ ਚੋਟੀ ਨੂੰ ਦਰਸਾਉਂਦਾ ਹੈ। ਜਿੰਨ੍ਹਾਂ ਵਿਦਿਆਰਥੀਆਂ ਨੇ ਆਪਣੀ ਉਮਰ ਦੀ ਸੀਮਾ ਲੰਘਾ ਦਿੱਤੀ, ਉਨ੍ਹਾਂ ਲਈ ਤਾਂ ਇਹ ਫ਼ੈਸਲਾ ਆਖ਼ਰੀ ਮੌਕੇ ਦੇ ਛਿਨ ਜਾਵੇ ਵਰਗਾ ਹੈ। ਸਰਕਾਰਾਂ ਨੂੰ ਸਮਝਣਾ ਹੋਵੇਗਾ ਕਿ ਇਹ ਨੌਜਵਾਨ ਸਿਰਫ਼ ਉਮੀਦਵਾਰ ਨਹੀਂ, ਸਗੋਂ ਭਵਿੱਖ ਦੇ ਅਧਿਆਪਕ, ਲਾਇਬ੍ਰੇਰੀਅਨ, ਅਤੇ ਰਾਜਨੈਤਿਕ ਆਗੂ ਹਨ। ਜੇਕਰ ਅੱਜ ਉਨ੍ਹਾਂ ਦੇ ਸੁਪਨੇ ਤੋੜੇ ਜਾਣਗੇ, ਤਾਂ ਕੱਲ੍ਹ ਦੇ ਭਰੋਸੇ ਨੂੰ ਕੌਣ ਬਣਾਏਗਾ?



ਮੰਜੂ ਰਾਇਕਾ

# ਨਿੱਗਰ ਤੇ ਮਿਆਰੀ ਗਾਇਕੀ ਵਾਲਾ ਲੋਕ ਗਾਇਕ:-ਸਤਵਿੰਦਰ ਬੁੱਗਾ

ਸਤਵਿੰਦਰ ਬੁੱਗਾ ਪੰਜਾਬੀ ਸੰਗੀਤ ਇੰਡਸਟਰੀ ਦਾ ਇੱਕ ਜਾਣਿਆ ਪਹਿਚਾਣਿਆ ਉੱਘਾ ਨਾਂ ਹੈ। ਉੱਚਾ ਲੰਮਾ ਛਾਂਟਵੇਂ ਸਰੀਰ ਵਾਲਾ ਸਤਵਿੰਦਰ ਬੁੱਗਾ ਅੱਜ ਵੀ ਛੈਲ ਛਬੀਲੇ ਗੱਭਰੂਆਂ ਵਾਂਗ ਦਿੱਖ ਪੇਸ਼ ਕਰਦਾ ਹੋਇਆ ਸੰਗੀਤ ਦੇ ਖੇਤਰ ਵਿਚ ਆਪਣੀ ਗਾਇਕੀ ਦੇ ਝੰਡੇ ਨੂੰ ਬਰਦਾਰ ਕਰ ਰਿਹਾ ਹੈ। ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਪਾਵਨ ਧਰਤੀ ਦੇ ਨੇੜਲੇ ਪਿੰਡ ਮੁਕਾਰੋਂਪੁਰ ਚ ਜਨਮਿਆਂ ਸਤਵਿੰਦਰ ਬੁੱਗਾ ਜੱਟ ਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਹੈ। ਪਰਿਵਾਰ ਵਿੱਚ ਸਭ ਤੋਂ ਛੋਟਾ ਤੇ ਤਿੰਨ ਭਰਾਵਾਂ ਦਾ ਲਾਡਲਾ ਸਤਵਿੰਦਰ ਬੁੱਗਾ ਅੱਜ ਸੰਗੀਤ ਜਗਤ ਦੇ ਸਰੋਤਿਆਂ ਦਾ ਹਰਮਨ ਪਿਆਰਾ ਬੁੱਗਾ ਬਣਿਆ ਹੋਇਆ ਹੈ। ਗਰੈਜੂਏਏਟਡ ਸਿੱਖਿਆ ਪ੍ਰਾਪਤ ਸਤਵਿੰਦਰ ਬੁੱਗੇ ਦੇ ਚੰਚਲ ਮਨ ਨੂੰ ਬਚਪਨ ਵਿੱਚ ਕੋਠਿਆਂ ਤੇ ਵੱਜਣ ਵਾਲੇ ਸਪੀਕਰਾਂ ਦੇ ਗੀਤਾਂ ਨੇ ਕਲਾਂ ਦਾ ਰੰਗ ਚਾੜ੍ਹਿਆ। ਉਸ ਨੇ ਮਹਰੂਮ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਸੰਗੀਤ ਦੇ ਖੇਤਰ ਵਿਚ ਪ੍ਰਵੇਸ਼ ਕੀਤਾ। ਕੁਲਦੀਪ ਮਾਣਕ ਦੇ ਸਮਕਾਲੀ ਅਤੇ ਸੀਨੀਅਰ ਗਾਇਕਾਂ ਦੀ ਗਾਇਕੀ ਨੇ ਵੀ ਬੁੱਗੇ ਦੇ ਮਨ ਨੂੰ ਲੁਭਾਇਆ । ਪਹਿਲੋਂ ਪਹਿਲ ਸਤਵਿੰਦਰ ਬੁੱਗਾ ਕਾਲਜ਼ ਦੀਆਂ ਸਟੇਜਾਂ ਤੇ ਭੰਗੜੇ ਦੀ ਟੀਮ ਦਾ ਮੋਹਰੀ ਬਣਕੇ ਆਪਣੇ ਸ਼ੋਕ ਪੂਰਦਾ ਰਿਹਾ। ਫਿਰ ਉਸਨੇ ਮਰਹੂਮ ਢੋਲੀ ਦੇਵ ਰਾਜ ਦੀ ਮਿਲੀ ਹੱਲਾਸ਼ੇਰੀ ਤੇ ਪ੍ਰੇਰਣਾ ਸਦਕੇ ਉਸ ਨੇ ਬਤੋਰ ਗਾਇਕ ਵਜੋਂ ਸੰਗੀਤ ਦੇ ਖੇਤਰ ਪ੍ਰਵੇਸ਼ ਕਰਦਿਆਂ "ਲਾਈਆਂ ਯਾਰਾਂ ਨੇ ਮਹਿਫਲਾਂ" ਨਾਂ ਦੀ ਕੈਸਿਟ ਮਾਰਕੀਟ ਵਿੱਚ ਪੇਸ਼ ਕੀਤੀ। ਫਿਰ ਸਮੇਂ ਦੇ ਠਹਿਰਾਓ ਦੇ ਨਾਲ ਉਸ ਨੇ ਸਿਵੀਆ ਭਰਾਵਾਂ ਸਵਰਗੀਏ ਸਵਰਨ ਸਿਵੀਆ ਤੇ ਕਰਨੈਲ ਸਿਵੀਆ,ਨਿੰਦੀ ਅਤੇ ਰੰਮੀ ਗੋਹੇ ਵਾਲੇ ਦੇ ਲਿਖੇ ਸਾਂਝੇ ਗੀਤਾਂ ਦੀ ਕੈਸਿਟ "ਤੇਰੀਆਂ ਉਡੀਕਾਂ " ਸਰੋਤਿਆਂ ਦੀ ਝੋਲੀ ਪਾਈ ਜਿਸਦੇ ਵਿਚਲੇ 32 ਸੰਕਿਟ ਵਾਲੀ ਲੰਮੀ ਹੇਕ ਵਾਲਾ ਗੀਤ "ਤਵੀਤਾਂ ਵਾਲਾ ਜੱਟ ਮੋਹ ਲਿਆ" ਤੇ "ਤੂੰ ਨਵੇ ਨਵੇ ਯਾਰ ਚੁਣ ਲੈ" ਉਸ ਦੀ ਗਾਇਕੀ ਦਾ ਰਾਹ ਦੁਸਾਰਾ ਬਣਦੀ ਹੋਈ ਕਾਮਯਾਬ ਹੋਈ । ਸਰੋਤਿਆਂ ਵਲੋ ਮਿਲੇ ਹੁੰਗਾਰੇ ਦੇ ਚਲਦਿਆਂ ਉਸਨੇ ਹੌਸਲੇ ਜਿਹਾ ਕਰਕੇ ਟੀਮ.ਪੀ.ਐਮ.(ਠਫੰ) ਕੰਪਨੀ ਵਿਚ ਸਿਵੀਆ ਭਰਾਵਾਂ ਦੇ ਲਿਖੇ ਗੀਤਾਂ ਦੀ ਕੈਸਿਟ "ਵਿਆਹ ਤੋਂ ਪਹਿਲਾਂ" ਮੁੜ ਮਾਰਕੀਟ ਵਿਚ ਦਿੱਤੀ ਜਿਸ ਦੇ ਕਰਨੈਲ ਸਿਵੀਆ ਦੇ ਲਿਖੇ ਵਿਚਲੇ ਗੀਤ "ਤੈਨੂੰ ਯਾਦ ਨੀਂ ਰਿਹਾ" ਨੇ ਇਸ ਦੀ ਪਹਿਚਾਣ ਕਰਵਾਉਂਦਿਆਂ ਗਾਇਕੀ



ਦੀਆਂ ਸਿਖਰਾਂ ਵੱਲ ਤੋਰਿਆ। ਸੰਗੀਤ ਨਾਲ ਜੁੜੀ ਕਲਾ ਦੀ ਪਾਰਖੂ ਸ਼ਖ਼ਸੀਅਤ ਵਿੱਕੀ ਮੋਦੀ ਨੇ ਇਸ ਦੀ ਕਲਾ ਨੂੰ ਪਰਖਦਿਆਂ ਸੰਗੀਤਕ ਸਮਰਾਟ ਜਨਾਬ ਚਰਨਜੀਤ ਆਹੂਜਾ ਨਾਲ ਜਾ ਮਿਲਾਇਆ। ਜਿਸ ਦੇ ਚੱਲਦਿਆਂ ਸੁਰੀਲੀਆਂ ਸੁਰਾਂ ਦੀਆਂ ਧੁੰਨਾਂ ਦੇ ਸੌਦਾਗਰ


**ਸਰੂਪ ਸਿੰਘ, ਚੌਧਰੀ ਮਾਜਰਾ**
**(ਨਾਭਾ) 99886-27880**

ਜਨਾਬ ਆਹੂਜਾ ਸਾਹਬ ਨੇ ਇਸ ਨੂੰ ਚਾਰ ਸਾਲਾਂ ਦੀ ਕਰੜੀ ਤੇ ਸਖਤ ਮਿਹਨਤ ਕਰਵਾਉਣ ਤੋਂ ਬਾਅਦ ਇਸ ਨੂੰ ਪ੍ਰਸਿੱਧ ਗਾਇਕਾਂ ਦੀ ਲੜੀ ਵਿਚ ਸ਼ਾਮਲ ਕਰਕੇ ਇੱਕ ਸਾਂਝਾ ਗੁਲਦਸਤਾ "ਤੇਰਾ ਨੱਚਣਾ ਬੜਾ ਕਮਾਲ" ਕੈਸਿਟ ਰਾਹੀਂ ਮੁੜ ਸੰਗੀਤ ਦੇ ਖੇਤਰ ਵਿਚ ਉਤਾਰਿਆ, ਜਿਸ ਵਿਚ ਵਿਨੋਦ ਸ਼ਾਇਰ ਦਾ ਲਿਖੇ ਗੀਤ "ਨੀ ਤੂੰ ਵਿਛੜਨ ਵਿਛੜਨ ਕਰਦੀ ਐਂ ਜਦੋਂ ਵਿਛੜੇਗੀ ਪਤਾ ਲੱਗ ਜਾਊਗਾ" ਨੇ ਸੁਪਰ ਹਿੱਟ ਹੋ ਸਫਲਤਾ ਦੇ ਰਿਕਾਰਡ ਤੋੜਦਿਆਂ ਸਤਵਿੰਦਰ ਬੁੱਗਾ ਨੂੰ ਰਾਤੋਂ ਰਾਤ ਸੁਪਰ ਸਟਾਰ ਬਣਾ ਸਮੇਂ ਦੇ ਪ੍ਰਸਿੱਧ ਗਵੱਈਆਂ ਦੀ ਕਤਾਰ ਵਿਚ ਖੜ੍ਹਾ ਕਰ ਉਸਨੂੰ ਉੱਘਾ ਤੇ ਸਥਾਪਤ ਗਾਇਕ ਬਣਾ ਦਿੱਤਾ। ਸਫਲਤਾ ਦੀਆਂ ਬੁਲੰਦੀਆਂ ਨੂੰ ਛੋਹਣ ਤੋਂ ਮਗਰੋਂ ਸਤਵਿੰਦਰ ਬੁੱਗੇ ਨੇ ਇੱਕ ਤੋਂ ਇੱਕ ਸੁਪਰ ਹਿੱਟ ਕੈਸਿਟ ਸਰੋਤਿਆਂ ਦੀ ਝੋਲੀ ਪਾਈ ਜਿਵੇਂ ਕਿ:- ਹਾਏ ਸੋਹਣੀਏ', 'ਕੁੜੀ ਪੰਜਾਬਣ ਲੱਗਦੀ ਐ', ਕਿਤੋਂ ਦਿਲ ਵੀ ,'ਯਾਰ ਨਾ ਵਿੱਛੜੇ', 'ਬੇਦਰਦੇ ਨੀਂ', ' ਸਾਡਾ ਉੱਜੜ ਗਿਆ ਦੱਸ ਕੀ ਹੋਰ, ਏਨੇ ਖ਼ਤ ਲਿਖਦੀ ਨਾ', ਮਲਟੀ ਐਲਬਮਾਂ ਆਦਿ ਵਿਚਲੇ ਗੀਤ 'ਵਿੱਛੜਣ-ਵਿੱਛੜਣ ਕਰਦੀ ਏਂ ਜਦੋਂ ਵਿੱਛੜੇਗੀ', 'ਅੱਖ ਮਸਤਾਨੀ','ਯਾਰ ਨਾ ਵਿੱਛੜੇ, ਸੱਜਣ ਨਾ ਵਿੱਛੜੇ', 'ਰੱਬ ਦੇ ਸਮਾਨ ਸਾਨੂੰ ਕਹਿਣ ਵਾਲੀਏ', 'ਬੇਦਰਦੇ ਨੀ', 'ਇਸ਼ਕ-ਇਸ਼ਕ', 'ਛੱਲੇ ਨਾਲ ਜੁਗਨੀ ਅਟੈਚ ਹੋ ਗਈ', 'ਤੂਤਾਂ ਵਾਲੀ ਠੰਢੀ-ਠੰਢੀ ਛਾਂ ਦੋਸਤੋ', 'ਜਿੰਨੇ ਦੁੱਖ ਸਾਨੂੰ ਤੂੰ ਦਿੱਤੇ ਨੀ ਕੋਈ ਹੋਰ ਹੁੰਦਾ ਤਾਂ ਮਰ ਜਾਂਦਾ, ਕੁੜੀ ਪੰਜਾਬਣ ਲੱਗਦੀ ਏ' ਆਦਿ ਸੱਭਿਆਚਾਰ ਕੈਸਿਟਾਂ ਤੋਂ ਇਲਾਵਾ ਸਤਵਿੰਦਰ ਬੁੱਗੇ ਨੇ ਕੇਸਰੀ ਝੰਡੇ ਝੂਲਣਗੇ ਤੇ ਮਾਤਾ ਦੀਆਂ ਭੇਟਾਂ ਦੀਆਂ ਧਾਰਮਿਕ ਕੈਸਿਟਾਂ ਵੀ ਕਲਾਂ ਪ੍ਰੇਮੀਆਂ ਦੀ ਝੋਲੀ ਪਾਈਆਂ। ਜੋਂ ਉਸ ਦੀ ਕਲਾਂ ਦੀ ਦਾਸਤਾਂ ਬਿਆਨ ਕਰਦੀਆਂ ਹਨ। ਸਮੇਂ ਦੇ ਬਦਲਾਓ ਨਾਲ ਸੰਗੀਤ ਵਿਚ ਆਈ ਤਬਦੀਲੀ ਦੇ ਬਾਅਦ ਵੀ ਸਤਵਿੰਦਰ ਬੁੱਗੇ ਨੇ ਆਪਣੀ ਗਾਇਕੀ ਵਿੱਚ ਕੋਈ ਬਦਲ ਨਹੀਂ ਕੀਤਾ ਬਲਕਿ ਆਪਣੇ ਸੁਭਾਅ ਮੁਤਾਬਿਕ "ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ" ਤੇ ਖ਼ਰਾ ਉਤਰਦਿਆਂ ਬੁੱਗੇ ਨੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਗਵਾਹੀ ਭਰਨ ਵਾਲੇ ਸੱਭਿਆਚਾਰਕ ਸਾਰਥਕ ਗੀਤਾਂ ਨੂੰ ਤਰਜੀਹ ਦਿੱਤੀ । ਅਸ਼ਲੀਲਤਾ ਨੂੰ ਪ੍ਰਮੋਟ ਕਰਨ ਵਾਲੀਆਂ ਕਲਮਾਂ ਤੋਂ ਬੁੱਗੇ ਨੇ ਹਮੇਸ਼ਾ ਕਿਨਾਰਾ ਰੱਖਿਆ। ਤਾਹੀਉਂ ਬੁੱਗਾ ਅੱਜ ਵੀ ਗਾਇਕੀ ਦੀਆਂ ਸਿਖਰਾਂ ਤੇ ਬੈਠਾ ਹੈ। ਆਪਣੇ ਗੀਤਾਂ ਰਾਹੀਂ ਮਾਂ-ਬੋਲੀ ਪੰਜਾਬੀ ਦੀ ਸੇਵਾ ਕਰਨ ਵਾਲਾ ਸਤਵਿੰਦਰ ਬੁੱਗਾ ਆਪਣੇ ਮੁਕਾਰੋਂਪੁਰ ਪਿੰਡ ਵਿਚ ਪੰਜ ਸਾਲ ਸਰਪੰਚ ਵਜੋਂ ਵੀ ਸੇਵਾ ਨਿਭਾ ਚੁੱਕਾ ਹੈ। ਆਪਣੇ ਉੱਚੇ ਲੰਮੇ ਕੱਦ ਵਾਂਗ ਸਤਵਿੰਦਰ ਬੁੱਗਾ ਦੂਰਅੰਦੇਸ਼ੀ ਉਸਾਰੂ ਸੋਚ ਦਾ ਧਾਰੂ ਹੈ। ਆਪਣੀ ਕਲਾ ਦੇ ਬਲਬੂਤੇ ਤੇ ਦੇਸ਼ ਵਿਦੇਸ਼ ਦੀ ਧਰਤ ਤੋਂ ਅਨੇਕਾਂ ਮਾਨ ਸਨਮਾਨ ਪ੍ਰਾਪਤ ਕਰਨ ਵਾਲਾ ਸਤਵਿੰਦਰ ਬੁੱਗਾ ਪ੍ਰਮਾਤਮਾ ਕਰੇ ਇਸੇ ਤਰ੍ਹਾਂ ਸੰਗੀਤ ਨੂੰ ਇਬਾਦਤ ਮੰਨਦਾ ਹੋਇਆ ਆਪਣੇ ਨਿੱਗਰ ਤੇ ਮਿਆਰੀ ਸੋਚ ਵਾਲੇ ਗੀਤਾਂ ਦੀ ਧਮਾਲ ਪਾਉਂਦਾ ਹੋਇਆ ਸੰਗੀਤ ਦੇ ਖੇਤਰ ਵਿਚ ਚਿਰ ਸਥਾਈ ਤੱਕ ਉੱਚਾ ਨਾਮਣਾ ਖੱਟ ਦਾ ਰਹੇ।

# ਹਿਮਾਚਲੀ ਵਿਰਾਸਤੀ ਰਸੋਈ ਦੀ ਖੁਸ਼ਬੂ : ਕਾਂਗੜੀ ਧਾਮ

ਹਰ ਖੇਤਰ ਦੀ ਆਪਣੀ ਇਕ ਵਿਲੱਖਣ ਪਛਾਣ ਹੁੰਦੀ ਹੈ, ਜੋ ਸਿਰਫ ਉਨ੍ਹਾਂ ਦੇ ਰਹਿਣ-ਸਹਿਣ ਤੱਕ ਹੀ ਸੀਮਿਤ ਨਹੀਂ ਹੁੰਦੀ, ਸਗੋਂ ਉਨ੍ਹਾਂ ਦੀ ਬੋਲੀ, ਤਿਉਹਾਰ,ਪਹਿਰਾਵੇ ਅਤੇ ਖਾਣ-ਪੀਣ ਵੀ ਉਸ ਪਛਾਣ ਨੂੰ ਮੁੱਖ ਬਣਾਉਂਦੇ ਹਨ। ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਦੀ ਧਰਤੀ ਵੀ ਆਪਣੇ ਰੰਗਾਂ ਅਤੇ ਰਸੋਈ ਰਸਮਾਂ ਰਾਹੀਂ ਇੱਕ ਅਦੁੱਤੀ ਪਛਾਣ ਰੱਖਦੀ ਹੈ। ਇੱਥੇ ਦੀ ਰਵਾਇਤੀ ਰਸੋਈ 'ਚ ਵਿਸ਼ੇਸ਼ ਤੌਰ 'ਤੇ ਤਿਉਹਾਰਾਂ ਜਾਂ ਖਾਸ ਸਮਾਰੋਹਾਂ ਵਿੱਚ ਬਣਨ ਵਾਲੀ 'ਧਾਮ', ਸਿਰਫ਼ ਭੋਜਨ ਹੀ ਨਹੀਂ, ਸਗੋਂ ਸਭਿਆਚਾਰਕ ਪਰੰਪਰਾ ਦੀ ਸਤਿਕਾਰ ਕਰਦੀ ਇੱਕ ਵਿਸ਼ੇਸ਼ ਧਾਰਾ ਹੈ, ਜਿਸ ਦੀ ਸ਼ੁਰੂਆਤ ਲਗਭਗ 1000 ਸਾਲ ਤੋਂ ਵੀ ਪਹਿਲਾਂ ਮੰਨੀ ਜਾਂਦੀ ਹੈ। ਦੱਸਿਆ ਜਾਂਦਾ ਹੈ ਕਿ ਹਿਮਾਚਲ ਦੀ ਚੰਬਾ ਰਿਆਸਤ ਦੇ ਸਮਕਾਲੀ ਰਾਜਾ ਜਯਸੰਭ ਕਸ਼ਮੀਰੀ ਖਾਣੇ ਦੇ ਸੁਆਦ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਆਪਣੇ ਰਸੋਈਆਂ ਨੂੰ ਆਦੇਸ਼ ਦਿੱਤਾ ਕਿ ਉਹ ਵੀ ਅਜਿਹਾ ਹੀ ਖਾਸ ਭੋਜਨ ਤਿਆਰ ਕਰਨ। ਇਸ ਤਰ੍ਹਾਂ ਹਿਮਾ-ਚਲ 'ਚ ਧਾਮ ਵਜੋਂ ਜਾਣੇ ਜਾਂਦੇ ਵਿਅੰਜਨਾਂ ਦੀ ਇੱਕ ਨਵੀਂ ਪਰੰਪਰਾ ਦੀ ਸ਼ੁਰੂਆਤ ਹੋਈ। ਇੱਥੇ ਧਾਮ ਦੇ ਅਨੇਕ ਰੂਪ ਮੌਜੂਦ ਹਨ, ਜਿਵੇਂ ਕਾਂਗੜੀ ਧਾਮ, ਮੰਡਿਆਲੀ ਧਾਮ, ਚੰਬਿਆਲੀ ਧਾਮ ਅਤੇ ਬਿਲਾਸਪੁਰੀ ਧਾਮ। ਪਰ ਇਨ੍ਹਾਂ ਵਿੱਚੋਂ ਕਾਂਗੜੀ ਧਾਮ ਆਪਣੀ ਲਾਜਵਾਬ ਮਹਿਕ ਅਤੇ ਰਿਵਾਇਤੀ ਵਿਧੀ ਕਰਕੇ ਵੱਖਰੀ ਪਛਾਣ ਬਣਾਉਂਦੀ ਹੈ।

ਕਾਂਗੜੀ ਧਾਮ ਹਿਮਾਚਲ ਦੇ ਕਾਂਗੜਾ ਜ਼ਿਲ੍ਹੇ ਦੀ ਵਿਸ਼ੇਸ਼ ਰਵਾਇਤ ਹੈ, ਜੋ ਪੰਜਾਬ-ਹਿਮਾਚਲ ਦੀ ਸਾਂਝੀ ਪੁਰਾਣੀ ਸੱਭਿਅਤਾ ਨੂੰ ਦਰਸਾਉਂਦੀ ਹੈ। ਇਹ ਸਿਰਫ਼ ਖਾਣ ਵਾਲੇ ਵਿਅੰਜਨਾਂ ਦੀ ਰਸਮ ਨਹੀਂ, ਸਗੋਂ ਹਰੇਕ ਵਿਅੰਜਨ ਆਪਣੇ ਆਪ ਵਿੱਚ ਇੱਕ ਕਹਾਣੀ ਬਿਆਂ ਕਰਦਾ ਹੈ। ਕਾਂਗੜੀ ਧਾਮ ਨਿਰਧਾਰਤ ਵਿਧੀ-ਢੰਗ ਅਤੇ ਵਿਸ਼ੇਸ਼ ਰਸੋਈਏ, ਜਿਨ੍ਹਾਂ ਨੂੰ 'ਬੋਟੀਆਂ' ਕਿਹਾ ਜਾਂਦਾ ਹੈ, ਦੁਆਰਾ ਤਿਆਰ ਕੀਤੀ ਜਾਂਦੀ ਹੈ। ਬੋਟੀਆਂ ਬ੍ਰਾਹਮਣ ਇੱਕ ਵੰਸ਼ ਪੰਥੀ ਜਾਤੀ ਹੈ ਜੋ ਪੀੜ੍ਹੀਆਂ ਤੋਂ ਇਸ ਰਵਾਇਤੀ ਪਕਵਾਨਾਂ ਨੂੰ ਬਣਾਉਣ ਦੀ ਕਲਾ 'ਚ ਨਿਪੁੰਨ ਹੈ। ਕਾਂਗੜੀ ਧਾਮ ਦੇ 7 ਤੋਂ 9 ਤਰ੍ਹਾਂ ਦੇ ਸਾਰੇ ਵਿਅੰਜਨਾਂ ਨੂੰ ਪਿੱਤਲ ਦੇ ਭਾਂਡਿਆਂ ਜਿਵੇਂ ਕਿ



ਚਰੋਟੀ ਜਾਂ ਬਲਟੋਈ ਵਿੱਚ ਅੱਜ ਵੀ ਪੁਰਾਣੇ ਢੰਗ ਨਾਲ ਪਕਾਇਆ ਜਾਂਦਾ ਹੈ। ਲੱਕੜੀ ਦੀ ਅੱਗ 'ਤੇ ਹੌਲੀ-ਹੌਲੀ ਪਕਾਉਣ ਨਾਲ ਖਾਣੇ ਵਿੱਚ ਸੁਆਦ ਅਤੇ ਖੁਸ਼ਬੂ ਕੁਦਰਤੀ ਤੌਰ 'ਤੇ ਬਣੀ ਰਹਿੰਦੀ ਹੈ, ਜੋ ਇਸਦੇ ਸਵਾਦ ਨੂੰ ਹੋਰ ਵੀ ਚਾਰ ਚੰਨ ਲਾਉਂਦੀ ਹੈ। ਧਾਮ ਲਈ ਵਰਤੀ ਜਾਂਦੀ ਇਸ ਲੋੜੀਂਦਾ ਲੱਕੜ ਨੂੰ ਇਕ ਰਸਮ ਅਨੁਸਾਰ ਮਹੀਨਾ ਪਹਿਲਾਂ ਸ਼ੁਭ ਤੈਅ ਤਾਰੀਖ ਤੇ ਧਾਮ ਵਾਲੇ ਘਰ ਅਤੇ ਪਿੰਡ ਦੇ ਪੁਰਸ਼ ਆਲੇ-ਦੁਆਲੇ ਦੇ ਚੁਣੇ ਹੋਏ ਦਰਖਤ ਦੀ ਪੂਜਾ ਕਰਕੇ ਲੱਕੜ ਕੱਟ ਕੇ ਲਿਆਉਂਦੇ ਹਨ। ਇਸ ਰਸਮ ਨੂੰ ਪਹਾੜੀ ਭਾਸ਼ਾ ਚ 'ਛੈਈ' ਕਿਹਾ ਜਾਂਦਾ ਹੈ ਜਦਕਿ ਔਰਤਾਂ ਘਰਾਂ 'ਚ ਰਹਿ ਕੇ ਲੋਕ-ਗੀਤ ਗਾਉਂਦੀਆਂ ਹੋਈਆਂ ਉਨ੍ਹਾਂ ਲਈ ਭੋਜਨ ਤਿਆਰ ਕਰਦੀਆਂ ਹਨ।ਆਮ ਤੌਰ 'ਤੇ ਧਾਮ ਵਾਸਤੇ ਅਸਥਾਈ ਰਸੋਈ ਮੁੱਖ ਘਰ ਦੇ ਬਾਹਰ ਬਣਾਈ ਜਾਂਦੀ ਹੈ। ਇਸ ਰਸੋਈ ਦੇ ਢਾਂਚੇ ਵਿਚ ਬਾਂਸ ਅਤੇ ਛੱਤ ਲਈ ਸਟੀਲ ਦੀਆਂ ਚਾਦਰਾਂ ਵਰਤੀਆਂ ਜਾਂਦੀਆਂ ਹਨ। ਜ਼ਮੀਨ 'ਚ ਤਕਰੀਬਨ ਇੱਕ ਫੁੱਟ ਡੂੰਘਾ-ਚੌੜਾ ਤੇ 8 ਤੋਂ 10 ਫੁੱਟ ਲੰਮਾ ਟੋਆ ਪੁੱਟਿਆ ਜਾਂਦਾ ਹੈ, ਜਿਸ ਨੂੰ ਤੀਣ ਕਿਹਾ ਜਾਂਦਾ ਹੈ ਅਤੇ ਇਸ ਦੇ ਉਪਰ ਸੰਪੂਰਨ ਪੂਜਾ ਵਿਧੀ ਨਾਲ ਸਾਰੇ ਪਕਵਾਨਾਂ ਦੀ ਇਕ ਰਾਤ ਪਹਿਲਾਂ ਹੀ ਤਿਆਰੀ ਸ਼ੁਰੂ ਹੁੰਦੀ ਹੈ। ਜਦੋਂ ਇਹ ਭੋਜਨ ਨਿਮਰਤਾ ਅਤੇ ਪ੍ਰੇਮ ਨਾਲ ਪਰੋਸਿਆ ਜਾਂਦਾ ਹੈ ਉਦੋਂ ਤਕ ਇਹ ਸਾਰੀ ਪਰਕ੍ਰਿਆ ਇਕ ਅਧਿਆਤਮਿਕ ਤਸਵੀਰ ਦੀ ਸ਼ਕਲ ਲੈ ਲੈਂਦੀ ਹੈ। ਧਾਮ ਖਾਸ ਤੌਰ 'ਤੇ ਜ਼ਮੀਨ 'ਤੇ ਬੈਠ ਕੇ ਖਾਧਾ ਜਾਂਦਾ ਹੈ, ਜੋ ਨਿਮਰਤਾ ਅਤੇ ਪਰੰਪਰਾਵਾਂ ਨਾਲ ਜੋੜਨ ਵਾਲੀ ਰਿਵਾਇਤ ਹੈ। ਖਾਣਾ 'ਪਤਲੂ' ਨਾਮ ਦੀਆਂ ਪੱਤਿਆਂ ਦੀਆਂ ਥਾਲੀਆਂ ਵਿੱਚ ਪਰੋਸਿਆ ਜਾਂਦਾ ਹੈ, ਜੋ ਕਿ ਕਾਂਗੜੀ ਲੋਕ-ਭਾਸ਼ਾ ਦੀ ਇਕ ਅਣਮੁੱਲੀ ਵਿਰਾਸਤ ਹੈ।ਧਾਮ ਵਿੱਚ ਚਾਵਲ, ਮਧਰਾ (ਦਹੀਂ ਨਾਲ ਬਣੇ ਵਿਅੰਜਨ), ਰਾਜਮਾ, ਕੜੀ, ਮਾਹ ਦੀ ਦਾਲ, ਚਣੇ ਦਾ ਖੱਟਾ ਤੇ ਆਖ਼ਿਰ



ਇੱਥੇ ਧਾਮ ਦੇ ਅਨੇਕ ਰੂਪ ਮੌਜੂਦ ਹਨ, ਜਿਵੇਂ ਕਾਂਗੜੀ ਧਾਮ, ਮੰਡਿਆਲੀ ਧਾਮ, ਚੰਬਿਆਲੀ ਧਾਮ ਅਤੇ ਬਿਲਾਸਪੁਰੀ ਧਾਮ। ਪਰ ਇਨ੍ਹਾਂ ਵਿੱਚੋਂ ਕਾਂਗੜੀ ਧਾਮ ਆਪਣੀ ਲਾਜਵਾਬ ਮਹਿਕ ਅਤੇ ਰਿਵਾਇਤੀ ਵਿਧੀ ਕਰਕੇ ਵੱਖਰੀ ਪਛਾਣ ਬਣਾਉਂਦੀ ਹੈ।

ਵਿੱਚ ਮਿੱਠਾ ਭਤ (ਮਿੱਠੇ ਚਾਵਲ) ਇੱਕ ਨਿਸ਼ਚਿਤ ਲੜੀ ਅਨੁਸਾਰ ਪਰੋਸੇ ਜਾਂਦੇ ਹਨ। ਇਹ ਪਕਵਾਨ ਸਿਰਫ਼ ਸਵਾਦ ਦੀ ਗੱਲ ਹੀ ਨਹੀਂ ਕਰਦੇ, ਸਗੋਂ ਆਪਣੇ ਸਭਿਆਚਾਰਕ ਵਿਰਸੇ ਦੀ ਯਾਦ ਵੀ ਦਵਾਉਂਦੇ ਹਨ।ਕਾਂਗੜੀ ਧਾਮ ਵਿਆਹ, ਜਨਮਦਿਨ, ਰਿਟਾਇਰਮੈਂਟ ਜਾਂ ਕਿਸੇ ਵੀ ਧਾਰਮਿਕ ਸਮਾਰੋਹ ਦਾ ਕੇਂਦਰ ਹੁੰਦੀ ਹੈ। ਇਸ ਧਾਮ ਰਾਹੀਂ ਨਾ ਸਿਰਫ਼ ਰਵਾਇਤੀ ਭੋਜਨ ਪਰੋਸਿਆ ਜਾਂਦਾ ਹੈ, ਸਗੋਂ ਇਹ ਪਰਿਵਾਰਕ ਜੁੜਾਅ ਅਤੇ ਹਿਮਾਚਲੀ ਸੱਭਿਅਤਾ ਦੀ ਸਾਂਝ ਨੂੰ ਮਜ਼ਬੂਤ ਵੀ ਕਰਦੀ ਹੈ। ਇਹ ਖਾਣਾ ਖਾ ਕੇ ਸੁਆਦ ਦੇ ਨਾਲ-ਨਾਲ ਉਸ ਜ਼ਮੀਨ ਦੀ ਮਹਿਕ ਵੀ ਹਰੇਕ ਜੀਅ ਵਿੱਚ ਵੱਸ ਜਾਂਦੀ ਹੈ। ਸਦੀਆਂ ਤੋਂ ਚਲ ਰਹੀ ਇਹ ਪਰੰਪਰਾ ਹਿਮਾਚਲ ਪ੍ਰਦੇਸ਼ ਅਤੇ ਇਸ ਦੇ ਨਾਲ ਲਗਦੇ ਪੰਜਾਬ ਦੇ ਤਲਵਾੜਾ ਤੇ ਮੁਕੇਰੀਆਂ ਦੇ ਕੁਝ ਹਿੱਸਿਆਂ ਵਿੱਚ ਪੀੜ੍ਹੀ-ਦਰ-ਪੀੜ੍ਹੀ ਅੱਜ ਵੀ ਪ੍ਰਚਲਿਤ ਹੈ।



**ਬਲਦੇਵ ਸਿੰਘ ਬੇਦੀ**
**ਜਲੰਧਰ**

# ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ 'ਤੇ ਕਈ ਸਾਲਾਂ ਦੀ ਜਨਤਕ ਮੰਗ ਤੋਂ ਬਾਅਦ ਯਾਤਰੀਆਂ ਲਈ ਮੁਫ਼ਤ ਵਾਈ-ਫਾਈ ਸਹੂਲਤ ਬਹਾਲ

ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ 'ਤੇ ਪਿਛਲੇ ਕਈ ਸਾਲਾਂ ਤੋਂ ਬੰਦ ਹੋਈ ਮੁਫ਼ਤ ਵਾਈ-ਫਾਈ ਇੰਟਰਨੈੱਟ ਦੀ ਸਹੂਲਤ ਹੁਣ ਮੁੜ ਸ਼ੁਰੂ ਕਰ ਦਿੱਤੀ ਗਈ ਹੈ। ਇਹ ਸਹੂਲਤ ਖਾਸ ਕਰਕੇ ਵਿਦੇਸ਼ੀ ਯਾਤਰੀਆਂ ਲਈ ਇੱਕ ਮਹੱਤਵਪੂਰਨ ਕਦਮ ਹੈ। ਇਸ ਮਾਮਲੇ ਨੂੰ ਲੰਮੇ ਸਮੇਂ ਤੋਂ ਉੱਠਾਉਂਦੇ ਆ ਰਹੇ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਤੇ ਅੰਮ੍ਰਿਤਸਰ ਵਿਕਾਸ ਮੰਚ ਨੇ ਕਈ ਵਾਰ ਇਹ ਮਸਲਾ ਏਅਰਪੋਰਟ ਅਥਾਰਟੀ ਆਫ਼ ਇੰਡੀਆ, ਏਅਰਪੋਰਟ ਡਾਇਰੈਕਟਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਅੱਗੇ ਮੀਡੀਆ, ਚਿੱਠੀਆਂ ਅਤੇ ਨਿੱਜੀ ਤੌਰ 'ਤੇ ਮੁਲਾਕਾਤ ਰਾਹੀਂ ਰੱਖਿਆ ਸੀ। ਪਿਛਲੇ ਕਈ ਸਾਲਾਂ ਤੋਂ ਵਾਈ-ਫਾਈ ਦੀ ਸਹੂਲਤ ਨਾ ਹੋਣ ਕਾਰਨ, ਵੱਡੀ ਗਿਣਤੀ ਵਿੱਚ ਯਾਤਰੀ ਇਹ ਸ਼ਿਕਾਇਤ ਕਰਦੇ ਸਨ ਕਿ ਆਧੁਨਿਕ ਯੁੱਗ ਵਿੱਚ ਇਹ ਬੁਨਿਆਦੀ ਸਹੂਲਤ ਉਨ੍ਹਾਂ ਨੂੰ ਉਪਲਬਧ ਨਹੀਂ ਸੀ।

ਅਮਰੀਕਾ ਸਥਿਤ ਹਵਾਬਾਜ਼ੀ ਵਿਸ਼ਲੇਸ਼ਕ ਅਤੇ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਕਿਹਾ ਕਿ, "ਹਵਾਈ ਅੱਡੇ 'ਤੇ ਮੁਫਤ ਵਾਈ-ਫਾਈ ਦੀ ਸਹੂਲਤ ਨੂੰ ਮੁੜ ਚਾਲੂ ਕਰਨਾ ਬਹੁਤ ਜ਼ਰੂਰੀ ਕਦਮ ਸੀ। ਅਸੀਂ ਇਹ ਮਸਲਾ ਵਾਰ-ਵਾਰ ਉੱਠਾਇਆ ਕਿਉਂਕਿ ਵਿਦੇਸ਼ ਤੋਂ ਆਉਣ ਵਾਲੇ ਯਾਤਰੀਆਂ ਲਈ ਇਹ ਜਰੂਰੀ ਹੁੰਦਾ ਹੈ ਕਿ ਉਹ ਇੱਥੇ ਪਹੁੰਚ ਕੇ ਆਪਣੇ ਰਿਸ਼ਤੇਦਾਰਾਂ ਨਾਲ ਸੰਪਰਕ, ਉਡਾਣ, ਟ੍ਰਾਂਸਪੋਰਟ ਜਾਂ ਹੋਟਲ ਬੁਕਿੰਗ ਵਰਗੀਆਂ ਸੂਚਨਾਵਾਂ ਤੁਰੰਤ ਪ੍ਰਾਪਤ ਕਰ ਸਕਣ। ਇਹ ਸੁਵਿਧਾ ਯਾਤਰੀਆਂ ਦੇ ਤਜਰਬੇ ਨੂੰ ਬਿਹਤਰ ਬਣਾਏਗੀ।"


Yogesh Kamra - Convener India-FlyAmritsar Initiative


SameepSinghGumtala-Global Convener - FlyAmritsar Initiative

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਕਨਵੀਨਰ ਇੰਡੀਆ ਅਤੇ ਮੰਚ ਦੇ ਜਨਰਲ ਸਕੱਤਰ ਯੋਗੇਸ਼ ਕਾਮਰਾ ਨੇ ਅੱਗੇ ਕਿਹਾ ਕਿ, "ਅਸੀਂ ਇਹ ਦੇਖ ਕੇ ਖੁਸ਼ ਹਾਂ ਕਿ ਅਥਾਰਟੀ ਨੇ ਬੀਤੇ ਕਈ ਸਾਲਾਂ ਤੋਂ ਜਨਤਾ ਦੀ ਕੀਤੀ ਜਾ ਰਹੀ ਇਸ ਮੰਗ ਉੱਤੇ ਆਖਰਕਾਰ ਕਾਰਵਾਈ ਕੀਤੀ ਹੈ। ਅਸੀਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ (ਆਈਏਐਸ) ਦੇ ਯੋਗਦਾਨ ਦੀ ਵੀ ਸ਼ਲਾਘਾ ਕਰਦੇ ਹਾਂ, ਜੋ ਕਿ ਹਵਾਈ ਅੱਡੇ ਨਾਲ ਸੰਬੰਧਤ ਮਸਲਿਆਂ ਲਈ ਮੀਟਿੰਗਾਂ ਵਿੱਚ ਸਰਗਰਮੀ ਨਾਲ ਸ਼ਾਮਲ ਰਹੇ ਹਨ।"

ਡਿਪਟੀ ਕਮਿਸ਼ਨਰ ਨੇ ਹਾਲ ਹੀ ਵਿੱਚ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਕ ਪੋਸਟ ਰਾਹੀਂ ਜਾਣਕਾਰੀ ਦਿੱਤੀ ਕਿ 10 ਜੁਲਾਈ 2025 ਤੋਂ ਹਰ ਰੋਜ਼ ਅੰਮ੍ਰਿਤਸਰ ਏਅਰਪੋਰਟ ਤੇ ਯਾਤਰੀਆਂ ਲਈ 45 ਮਿੰਟ ਤੱਕ ਮੁਫ਼ਤ ਵਾਈ-ਫਾਈ ਸੇਵਾ ਉਪਲਬਧ ਰਹੇਗੀ।

ਇਸ ਮਹੱਤਵਪੂਰਨ ਸਹੂਲਤ ਨੂੰ ਮੁੜ ਸ਼ੁਰੂ ਕਰਨ ਦਾ ਸਵਾਗਤ ਕਰਦੇ ਹੋਏ, ਗੁਮਟਾਲਾ ਅਤੇ ਕਾਮਰਾ ਨੇ ਏਅਰਪੋਰਟ ਅਥਾਰਟੀ ਨੂੰ ਯਾਤਰੀਆਂ ਦੇ ਤਜਰਬੇ ਨੂੰ ਪ੍ਰਭਾਵਿਤ ਕਰਨ ਵਾਲੇ ਕਈ ਹੋਰ ਮੁੱਦਿਆਂ ਵੱਲ ਤੁਰੰਤ ਧਿਆਨ ਦੇਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ। ਇਨ੍ਹਾਂ ਵਿੱਚ ਪਾਰਕਿੰਗ ਖੇਤਰ ਵਿੱਚ ਕੀਮਤ ਨਾਲੋਂ ਵੱਧ ਕਰਾਇਆ ਵਸੂਲੀ ਕਰਨਾ, ਫਾਸਟ ਟੈਗ ਸਹੂਲਤ ਦਾ ਪੂਰੀ ਤਰ੍ਹਾਂ ਲਾਗੂ ਨਾ ਹੋਣਾ, ਪਿਕਅੱਪ ਅਤੇ ਡ੍ਰੌਪ-ਆਫ ਖੇਤਰ ਵਿੱਚ ਚੰਗੇ ਪ੍ਰਬੰਧ ਨਾ ਹੋਣਾ ਸ਼ਾਮਲ ਹਨ। ਇਹਨਾਂ ਦੋਵੇਂ ਸੰਗਠਨਾਂ ਨੇ ਅਥਾਰਟੀ ਅਤੇ ਹੋਰਨਾਂ ਵਿਭਾਗਾਂ ਦੇ ਸਟਾਫ ਦੇ ਵਿਵਹਾਰ ਨੂੰ ਬਿਹਤਰ ਬਣਾਉਣ ਦੀ ਜ਼ਰੂਰਤ ਨੂੰ ਵੀ ਉਜਾਗਰ ਕੀਤਾ, ਖਾਸ ਤੌਰ 'ਤੇ ਯਾਤਰੀਆਂ ਲਈ ਸਹਾਇਕਾਂ ਨਾਲ ਸਬੰਧਤ ਘਟਨਾਵਾਂ, ਜੋ ਕਿ ਬਿਨਾਂ ਬੇਨਤੀ ਕੀਤੇ ਯਾਤਰੀਆਂ ਕੋਲ ਸਹਾਇਤਾ ਦੇਣ ਲਈ ਜਾਂਦੇ ਹਨ ਅਤੇ ਫਿਰ ਪੈਸੇ ਦੀ ਮੰਗ ਕਰਦੇ ਹਨ। ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ ਪੰਜਾਬ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਅੰਮ੍ਰਿਤਸਰ ਹਵਾਈ ਅੱਡੇ ਲਈ ਸਿੱਧੀ ਬੱਸ ਸੇਵਾ ਸ਼ੁਰੂ ਕੀਤੀ ਜਾਵੇ, ਤਾਂ ਜੋ ਹਵਾਈ ਅੱਡੇ ਦੇ ਰੋਜ਼ਾਨਾਂ 10,000 ਤੋਂ ਵੱਧ ਯਾਤਰੀਆਂ ਲਈ ਜਨਤਕ ਆਵਾਜਾਈ ਆਸਾਨ ਅਤੇ ਸਸਤੀ ਹੋ ਸਕੇ।

# ਹੋਮਿਓਪੈਥਿਕ ਦਾ ਸਿਧਾਂਤ ਹੈ ਕਿ ਰੋਗ ਨਾਲੋਂ ਰੋਗੀ ਦੀ ਜਿਆਦਾ ਦੇਖਭਾਲ ਕੀਤੀ ਜਾਵੇ

## ਹੋਮਿਓਪੈਥਿਕ ਇਕ ਕੁਦਰਤੀ ਇਲਾਜ ਪ੍ਰਣਾਲੀ ਹੈ, ਇਹ ਦੁਨੀਆਂ ਦੀ ਇਕੋ ਇਕ ਅਜਿਹੀ ਇਲਾਜ ਪ੍ਰਣਾਲੀ ਹੈ ਜੋ ਬਿਮਾਰੀ ਨੂੰ ਜੜ੍ਹ ਤੋ ਖਤਮ ਕਰਦੀ ਹੈ

ਡਾ. ਸੈਮੂਅਲ ਹਾਇਮੈਨ ਇੱਕ ਫਿਜਿਸ਼ਿਅਨ ਸੀ ਜਿਨ੍ਹਾਂ ਨੇ ਹੋਮਿਓਪੈਥਿਕ ਦਵਾਈਆਂ ਦੀ ਖੋਜ ਕੀਤੀ। ਉਨ੍ਹਾਂ ਦੀ ਯਾਦ 'ਚ ਵਿਸ਼ਵ ਹੋਮਿਓਪੈਥਿਕ ਦਿਨ -10 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਸੈਮਿਉਲ ਹੈਨੇਮਨ ਦਾ ਜਨਮ 10 ਅਪ੍ਰੈਲ 1755 ਨੂੰ ਜਰਮਨ (ਯੂਰਪ) ਦੇ ਪਿੰਡ ਮੀਸ਼ਨ ਵਿਚ ਹੋਇਆਬਹੁਤ ਲੋਕ ਹੋਮਿਓਪੈਥਿਕ ਦਵਾਈਆਂ ਤੇ ਭਰੋਸਾ ਕਰਦੇ ਹਨ। ਹੋਮਿਓਪੈਥਿਕ ਬਿਮਾਰੀ ਨੂੰ ਜੜੋਂ ਖ਼ਤਮ ਕਰਨ 'ਚ ਬਹੁਤ ਫਾਇਦੇਮੰਦ ਹੈ। ਕਿਡਨੀ ਅਤੇ ਥਾਇਰੋਇਡ ਦੀ ਬਿਮਾਰੀ ਲਈ ਸਭ ਤੋਂ ਵਧੀਆ ਹੋਮਿਓਪੈਥਿਕ ਦਵਾਈ ਹੀ ਹੈ। ਇਸ ਤੋ ਇਲਾਵਾ ਇਹ ਦਵਾਈ ਬੁਖਾਰ, ਜੁਕਾਮ, ਖਾਂਸੀ, ਪਥਰੀ, ਹਾਰਮੋਨਲ ਸਮੱਸਿਆ , ਬਾਂਝਪਨ ਆਦਿ ਲਈ ਵੀ ਫ਼ਾਇਦੇਮੰਦ ਹੈ। ਸਭ ਤੋ ਜ਼ਰੂਰੀ ਗੱਲ ਜੇਕਰ ਤੁੱਸੀ ਲੰਬੇ ਸਮੇਂ ਤੋ ਨਸ਼ੇ ਦੀ ਆਦਤ ਤੋਂ ਪਰੇਸ਼ਾਨ ਹੋ ਤਾਂ ਤੁਹਾਡੇ ਲਈ ਹੋਮਿਓਪੈਥਿਕ ਇਲਾਜ ਬਹੁਤ ਫ਼ਾਇਦੇਮੰਦ ਹੈ। ਹਮੇਸ਼ਾ ਹੋਮਿਓਪੈਥਿਕ ਦਵਾਈਆਂ ਡਾਕਟਰ ਦੀ ਸਲਾਹ ਨਾਲ ਹੀ



ਲਵੋ॥ ਹੋਮਿਓਪੈਥਿਕ ਦਵਾਈ ਖਾਣ ਤੋ ਪਹਿਲਾਂ ਕੁਝ ਨਿਯਮ ਯਾਦ ਰੱਖੋ ਜਿਵੇਂ ਕਿ ਹੋਮਿਓਪੈਥਿਕ ਦਵਾਈ ਨੂੰ ਧੁੱਪ 'ਚ ਖੁੱਲਾ ਨਾ ਰਖੋ। ਇਸ ਨਾਲ ਦਵਾਈ ਦੀ ਕੰਮ ਕਰਨ ਦੀ ਸਮਰੱਥਾ ਘੱਟ ਜਾਂਦੀ ਹੈ। ਹੋਮਿਓਪੈਥਿਕ ਦਵਾਈ ਹਮੇਸ਼ਾ ਦੱਸੀ ਡੋਸੇਜ਼ ਮੁਤਾਬਿਕ ਲਵੋ। ਇਸ ਨੂੰ ਹੱਥ ਨਾ ਲਗਾਓ, ਢੱਕਣ 'ਚ ਪਾ ਕੇ ਸਿੱਧਾ ਮੂੰਹ 'ਚ ਪਾ ਲਵੋ।

ਜ਼ੇਕਰ ਤੁਸੀ ਹੋਮਿਓਪੈਥਿਕ ਦਵਾਈ ਖਾ ਰਹੇ ਹੋ ਤਾਂ ਖੱਟੀਆਂ ਚੀਜਾਂ ਡਾਇਟ ਵਿੱਚੋ ਕੱਢ ਦਵੋ। ਇਸ ਨਾਲ ਦਵਾਈ ਦਾ ਅਸਰ ਘੱਟ ਜਾਂਦਾ ਹੈ ਅਤੇ ਤੁਹਾਡਾ ਇਲਾਜ ਚੰਗੀ ਤਰਾਂ ਨਹੀ ਹੋ ਪਾਉਂਦਾ। ਹੋਮਿਓਪੈਥਿਕ ਦਵਾਈ ਖਾਣ ਤੋ 1 ਘੰਟਾ ਪਹਿਲਾ ਜਾਂ ਬਾਅਦ 'ਚ ਕੁਝ ਨਾ ਖਾਓ ਪੀਓ। ਹੋਮਿਓਪੈਥਿਕ ਦਵਾਈ ਦੇ ਇਲਾਜ ਸਮੇਂ ਅਦਰਕ, ਲਸਣ, ਪਿਆਜ ਦਾ ਸੇਵਨ ਨਹੀਂ ਕਰਨਾ ਚਾਹੀਦਾ।

ਹੋਮਿਓਪੈਥਿਕ ਦਵਾਈ ਖਾ ਰਹੇ ਹੋ ਤਾਂ ਉਸ ਨਾਲ ਐਲੋਪੈਥੀ ਜਾਂ ਆਯੂਰਵੈਦਿਕ ਦਵਾਈ ਦਾ ਸੇਵਨ ਨਾ ਕਰੋ।

ਹੋਮਿਓਪੈਥਿਕ ਦੁਨੀਆਂ ਦੀ ਇਕੋ ਇਕ ਅਜਿਹੀ ਇਲਾਜ ਪ੍ਰਣਾਲੀ ਹੈ ਜੋ ਬਿਮਾਰੀ ਨੂੰ ਜੜ੍ਹ ਤੋ ਖਤਮ ਕਰਦੀ ਹੈ,

ਜਰਮਨ ਤੋਂ ਸ਼ੁਰੂ ਹੋ ਕੇ ਹੋਮਿਓਪੈਥਿਕ ਦੁਨੀਆਂ ਪੱਧਰ ਤੇ ਕਾਰਗਰ ਸਿੱਧ ਹੁੰਦੀ ਹੋਈ ਬੜੀ



ਤੇਜੀ ਨਾਲ ਫੈਲ ਰਹੀ ਹੈ।

ਹੋਮਿਓਪੈਥਿਕ ਵਿੱਚ ਡਾਕਟਰ ਰੋਗੀ ਨੂੰ ਅਲੱਗ ਅੱਲਗ ਹਿੱਸਿਆ ਵਿੱਚ ਨਹੀਂ ਦੇਖਦਾ ਸਗੋਂ ਰੋਗੀ ਦੀਆਂ ਸਾਰੀਆਂ ਅਲਾਮਤਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

ਹੋਮਿਓਪੈਥਿਕ ਦਾ ਸਿਧਾਂਤ ਹੈ ਕਿ ਰੋਗ ਨਾਲੋਂ ਰੋਗੀ ਦੀ ਜਿਆਦਾ ਰੋਗੀ ਦੀ ਜਿਆਦਾ ਦੇਖਭਾਲ ਕੀਤੀ ਜਾਵੇ, ਰੋਗੀ ਵਿੱਚ ਜੋ ਮਾਨਸ਼ਿਕ, ਸਰੀਰਿਕ ਤਬਦੀਲੀਆਂ ਡਾਕਟਰ ਨੂੰ ਨਜ਼ਰ ਆਉਂਦੀਆਂ ਹਨ, ਜਾਂ ਅਨੁਭਵ ਕੀਤੀਆਂ ਜਾਂਦੀਆਂ ਹਨ, ਉਹੀ ਹੋਮਿਓਪੈਥਿਕ ਡਾਕਟਰ ਨੂੰ ਦਵਾਈ ਦੀ ਚੋਣ ਕਰਨ ਵਿੱਚ ਸਹਾਈ ਸਿੱਧ ਹੁੰਦੀਆਂ

ਹੋਮਿਓਪੈਥਿਕ ਇਕ ਕੁਦਰਤੀ ਇਲਾਜ ਪ੍ਰਣਾਲੀ ਹੈ, ਇਹ ਦੁਨੀਆਂ ਦੀ ਇਕੋ ਇਕ ਅਜਿਹੀ ਇਲਾਜ ਪ੍ਰਣਾਲੀ ਹੈ ਜੋ ਬਿਮਾਰੀ ਨੂੰ ਜੜ੍ਹ ਤੋ ਖਤਮ ਕਰਦੀ ਹੈ, ਅਤੇ ਇਸ ਦਾ ਕੋਈ ਸਾਈਡਇਫੈਕਟ ਨਹੀ ਹੈ॥

**ਡਾ. ਅਮਿਤਾ**
**9915769020**

# Songs of Justice with Sambhaji Bhagat


## Sunday, 20 July · 6:30 PM – 7:45 PM

**Leicester Secular Hall, 75 Humberstone Gate, LE1 1WB**




Join us for an unforgettable cultural evening with Sambhaji Bhagat, a renowned Ambedkarite singer, poet, and performer known for his powerful anti-caste and social justice songs. Blending traditional folk rhythms with sharp political commentary, Bhagat brings the spirit of resistance alive through music that speaks to both the heart and the conscience.Performing primarily in Hindi, his songs confront inequality, injustice, and oppression—offering messages of hope, dignity, and solidarity. Sambhaji Bhagat's performances are stirring, thought-provoking, and deeply rooted in the Shahu-Phule-Birsa-Ambedkar-Periyarite value system.This is a rare opportunity to witness music that transcends entertainment—music that challenges, inspires, and calls for change.

**For pay-at-the-door or bank transfer, please contact:secretary@lsec.org.ukhttps://tinyurl.com/bdrkct5h**


Jay Bheem Jay Bharat
DHAMMA WAVES
Under the aegis of Dhamma Waves
95Th Commemorating Birth Anniversary
of
SAMTA RATNA Late L.R.BALLEY SAHEB
Being organized and telecast
Live On Facebook
Date : — Sunday, 20th July 2025 at 8 Pm Indian Time
Subject : Role of L. R. BALLEY SAHEB in Ambedkar Mission
Late L.R.BALLEY
20 July 1930 — 06 July 2023
Subject of Dhamma Deshna :- Impact and relevance of Buddhism in the current scenario ...
Bhikkhu Dr. Nagabhushana Kondiah
President
International Buddha
Sasna centre , Meerut
Host
Manohar Birdi (UK)
Founder member of Dhamma Waves
Prof. Dr. G. C. Kaul
Trustee
Ambedkar Bhawan Trust.
Mr. Charandas Sandhu
President
Ambedkar Mission Society ( Punjab )
Cordial Invitation From— Mr. Anand Kumar Balley , Mr. Paramjeet Kainth , Dr. H. L. Virdee and
all the team members of Dhamma Waves.
Those who are loyal and dedicated Ambedkarites , they never
bow down, never sell themselves and never stop. — L. R. Balley
DHAMMA WAVES
Follow Us : www.Dhammawaves.com
Dhammawaves

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484
email:-Samajweekly@gmail.com